ਕਿਸਾਨਾਂ ਦੀ ਹਮਦਰਦ ਕਹਾਉਣ ਵਾਲੀ ਸਰਕਾਰ ਦਾ ਚਿਹਰਾ ਨੰਗਾ ਹੋਇਆ

ਚਾਓਕੇ, 30 ਜਨਵਰੀ (ਭੂਸ਼ਣ ਘੁੜੈਲਾ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਦੋ ਰੋਜ਼ਾ ਸੱਦੇ ਦੇ ਦੂਸਰੇ ਦਿਨ ਇੱਥੋਂ ਨੇੜਲੇ ਪਿੰਡ ਜੇਠੂਕੇ ਵਿਖੇ ਪੰਜਾਬ ਸਰਕਾਰ ਵੱਲੋਂ ਖੇਤੀ ਮੋਟਰਾਂ ਦੇ ਬਿੱਲ ਲਗਾਉਣ ਅਤੇ ਨਹਿਰੀ ਪਾਣੀ ਦਾ ਮਾਮਲਾ ਲਗਾਉਣ ਦੇ ਫੈਸਲੇ ਦੇ ਰੋਸ ਵਜੋਂ ਪੰਜਾਬ ਸਰਕਾਰ ਦੀ ਅਰਥੀ ਫੂਕੀ ਅਤੇ ਰੋਹ ਭਰਿਆ ਰੋਸ ਮੁਜ਼ਾਹਰਾ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ ਲਾਭ ਸਿੰਘ ਜੇਠੂਕੇ ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਬੱਗਾ ਸਿੰਘ ਨੇ ਪੰਜਾਬ ਸਰਕਾਰ ਦੇ ਇਸ ਫੈਸਲੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਸ ਫੈਸਲੇ ਨਾਲ ਕਿਸਾਨਾਂ ਦੀ ਹਮਦਰਦ ਕਹਾਉਣ ਵਾਲੀ ਸੂਬਾ ਸਰਕਾਰ ਦਾ ਚਿਹਰਾ ਨੰਗਾ ਹੋ ਚੁੱਕਾ ਹੈ। ਉਨ੍ਹਾਂ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੀ ਦੋ ਮੈਂਬਰੀ ਕਮੇਟੀ ਵੱਲੋਂ ਖੇਤਰੀ ਮੋਟਰਾਂ ਦੇ ਬਿੱਲ ਅਤੇ ਮਾਮਲਾ ਲਗਾਉਣ ਦਾ ਫੈਸਲਾ ਕਿਸਾਨ ਮਾਰੂ ਹੈ। ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀ ਮੌਜੂਦਾ ਪੰਜਾਬ ਸਰਕਾਰ ਦਾ ਇਸ ਗਲਤ ਫੈਸਲੇ ਦਾ ਡਟਵਾਂ ਵਿਰੋਧ ਕਰੇਗੀ ਅਤੇ ਪਿੰਡ-ਪਿੰਡ ਜਾ ਕੇ ਸਰਕਾਰ ਦੇ ਇਸ ਫੈਸਲੇ ਖਿਲਾਫ ਅਰਥੀ ਫੂਕ ਮੁਜ਼ਾਹਰੇ ਕੀਤੇ ਜਾਣਗੇ। ਇਸ ਮੌਕੇ ਮੇਜਰ ਸਿੰਘ ਜੇਠੂਕੇ, ਤਰਨਜੀਤ ਸਿੰਘ ਜੇਠੂਕੇ, ਗੁਰਦਿਆਲ ਸਿੰਘ ਮੀਤ ਪ੍ਰਧਾਨ ਤੋਂ ਇਲਾਵਾ ਹੋਰ ਬਹੁਤ ਸਾਰੇ ਮੋਹਤਬਰ ਆਗੂ ਸ਼ਾਮਲ ਸਨ।

ਕੇਂਦਰ ਸਰਕਾਰ ਵੱਲੋਂ ਵਪਾਰੀਆਂ ਦੀਆਂ ਸਮੱਸਿਆਵਾਂ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਜਾਣਗੀਆਂ : ਲਿਬੜਾ

ਸੁਖਦੇਵ ਸਿੰਘ ਲਿਬੜਾ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ।

ਫਤਹਿਗੜ੍ਹ ਸਾਹਿਬ, 30 ਜਨਵਰੀ (ਪਰਦੀਪ ਸਿੰਘ) : ਕੇਂਦਰ ਸਰਕਾਰ ਵੱਲੋਂ ਵਪਾਰੀਆਂ ਦੀਆਂ ਸਮੱਸਿਆਵਾਂ ਪਹਿਲ ਦੇ ਆਧਾਰ ਤੇ ਹੱਲ ਕੀਤੀਆਂ ਜਾਣਗੀਆਂ। ਇਹ ਵਿਚਾਰ ਸੁਖਦੇਵ ਸਿੰਘ ਲਿਬੜਾ ਨੇ ਪ੍ਰਗਟ ਕੀਤੇ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਜਨ ਵਿਰੋਧੀ ਨੀਤੀਆਂ ਦੇ ਕਾਰਨ ਸਾਰੇ ਵਰਗੇ ਦੁੱਖੀ ਹਨ। ਕੇਂਦਰ ਵੱਲੋਂ ਸ਼ੁਰੂ ਕੀਤੀ ਗਈ ਨਰੇਗਾ ਯੋਜਨਾ ਜੇ ਸਹੀ ਢੰਗ ਨਾਲ ਲੋਕਾਂ ਤੱਕ ਪਹੁੰਚਾਉਣ ਤਾਂ ਇਸ ਨਾਲ ਜਿੱਥੇ ਵਿਕਾਸ ਕੰਮਾਂ ਵਿੱਚ ਤੇਜੀ ਆਵੇਗੀ, ਉਥੇ ਗਰੀਬ ਵਰਗ ਨੂੰ ਰੋਜ਼ਗਾਰ ਵੀ ਮਿਲੇਗਾ। ਉਨ੍ਹਾਂ ਨੇ ਦੋਸ਼ ਦੋਸ਼ ਕੇਂਦਰ ਸਰਕਾਰ ਤੇ ਮੜ ਕੇ ਕਹਿੰਦੇ ਹਨ ਕਿ ਲਗਾਇਆ ਕਿ ਕੇਂਦਰ ਵੱਲੋਂ ਭੇਜਿਆ ਜਾਂਦਾ ਕਰੋੜਾਂ ਰੁਪਿਆ ਸਹੀ ਇਸਤੇਮਾਲ ਨਾ ਹੋਣ ਦੇ ਕਾਰਨ ਵਾਪਸ ਹੋ ਜਾਂਦਾ ਹੈ ਅਤੇ ਦੋਨੋ ਬਾਦਲ ਪੰਜਾਬ ਦੇ ਪੱਖਪਾਤ ਕੀਤਾ ਜਾ ਰਿਹਾ ਹੈ। ਇਸ ਮੌਕੇ ਸਾਬਕਾ ਮੰਤਰੀ ਡਾ ਹਰਬੰਸ ਲਾਲ, ਗੁਰਦੇਵ ਸਿੰਘ, ਗੁਰਦਿਆਲ ਸਿੰਘ, ਕੰਚਨ ਸ਼ਰਮਾ, ਬਬੀਤਾ ਰਾਣੀ, ਜਗਜੀਤ ਸਿੰਘ ਨਾਗਰਾ ਅਤੇ ਹੋਰ ਹਾਜਰ ਸਨ।

ਕਾਂਗਰਸੀ ਵਰਕਰਾਂ 'ਤੇ ਦਰਜ ਮਾਮਲਿਆਂ ਨੂੰ ਵਿਧਾਨ ਸਭਾ ਵਿੱਚ ਉਠਾਇਆ ਜਾਵੇਗਾ-ਮੋਫਰ

ਝੁਨੀਰ, 30 ਜਨਵਰੀ (ਗੁਰਵਿੰਦਰ ਭੋਲਾ)-ਝੁਨੀਰ ਵਿੱਚ ਕਾਂਗਰਸ ਪਾਰਟੀ ਨਾਲ ਦੋਸ਼ ਵਿੱਚ ਦਰਜ ਕੀਤੇ ਮਾਮਲੇ ਨੂੰ ਸਰਦੂਲਗੜ੍ਹ ਦੇ ਕਾਂਗਰਸੀ ਵਿਧਾਇਕ ਅਜੀਤਇੰਦਰ ਮੋਫਰ ਨੇ ਇਸ ਨੂੰ ਸਰਾਸਰ ਜ਼ਿਆਦਤੀ ਦੱਸਿਆ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਅਕਾਲੀ ਸਰਕਾਰ ਕਾਂਗਰਸੀ ਵਰਕਰਾਂ 'ਤੇ ਮਾਮਲੇ ਦਰਜ ਕਰਕੇ ਉਨ੍ਹਾਂ ਨੂੰ ਜੇਲ੍ਹ ਭੇਜ ਰਹੀ ਹੈ। ਉਨ੍ਹਾਂ ਵਿੱਚ ਪੰਜਾਬ ਵਿੱਚ ਲੋਕਤੰਤਰ ਸਰਕਾਰ ਦੀ ਨਹੀਂ ਬਲਕਿ ਤਾਨਾਸ਼ਾਹੀ ਸ਼ਾਸਨ ਦੀ ਬਦਬੂ ਆਉਂਦੀ ਹੈ ਅਤੇ ਕਾਂਗਰਸ ਪਾਰਟੀ ਇਸ ਧੱਕੇਸ਼ਾਹੀ ਨੂੰ ਬੰਦ ਕਰਵਾਉਣ ਲਈ ਵਿਧਾਨ ਸਭਾ ਤੋਂ ਜਾਂਚ ਕਰਵਾਉਣ ਦੀ ਮੰਗ ਰੱਖਦੀ ਹੈ।

ਪੰਚਾਇਤੀ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਸਿੱਖਿਆ ਦੇਣ ਸਬੰਧੀ ਟ੍ਰੇਨਿੰਗ ਕੈਂਪ ਲਗਾਇਆ

ਮੌੜ ਮੰਡੀ, 30 ਜਨਵਰੀ (ਸ਼ਾਮ ਲਾਲ ਜੋਧਪੁਰੀਆ) : ਬੀ.ਡੀ.ਓ ਦਫਤਰ ਮੌੜ ਮੰਡੀ ਵਿਖੇ ਮਹਾਤਮਾ ਗਾਂਧੀ ਰਾਜ ਲੋਕ ਪ੍ਰਸ਼ਾਸਨ ਪੰਜਾਬ ਚੰਡੀਗੜ੍ਹ ਗ੍ਰਾਮ ਪੰਚਾਇਤ ਦੇ ਪ੍ਰਤੀਨਿਧੀਆਂ ਲਈ ਪੰਚਾਇਤੀ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਸਿੱਖਿਆ ਦੇਣ ਸਬੰਧੀ ਟ੍ਰੇਨਿੰਗ ਕੈਂਪ ਲਾਇਆ ਗਿਆ । ਜਿਸ ਵਿੱਚ 13 ਪਿੰਡਾਂ ਦੇ ਸਰਪੰਚਾਂ ਤੇ ਪੰਚਾਂ ਨੇ ਭਾਗ ਲਿਆ । ਇਹ ਕੈਂਪ ਮਹਾਤਮਾ ਗਾਂਧੀ ਸਟੇਟ ਇਸਟੀਚਿਊਟ ਆਫ ਪਬਲਿਕ ਐਡਮਿਨਸਟਰੇਸ਼ਨ ਦੇ ਖੇਤਰੀ ਕੇਂਦਰ ਪਟਿਆਲਾ ਅਤੇ ਜਿਲ੍ਹਾ ਕੇਂਦਰ ਬਠਿੰਡਾ ਦੇ ਉਧਮ ਨਾਲ ਕਰਵਾਇਆ ਗਿਆ । ਇਸ ਕੈਂਪ ਵਿੱਚ ਸ਼੍ਰੀ ਐਸ. ਕੇ ਆਹਲੂਵਾਲੀਆ ਆਈ ਏ ਐੱਸ ਰਿਟਾਇਰਡ ਕਮਿਸ਼ਨਰ ਪੰਜਾਬ ਵਿਸ਼ੇਸ਼ ਤੌਰ 'ਤੇ ਪਹੁੰਚੇ । ਜਿਨ੍ਹਾਂ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਪੰਚਾਇਤੀ ਰਾਜ ਸਿਸਟਮ ਦੀ ਮਹੱਤਤਾ ਬਾਰੇ ਦੱਸਿਆ ਅਤੇ ਕੁਝ ਦਿਲਚਸਪ ਉਦਾਹਰਨਾਂ ਵੀ ਦਿੱਤੀਆਂ । ਟ੍ਰੇਨਿੰਗ ਦੇਣ ਲਈ ਸ਼੍ਰੀ ਜਸਕਰਤਾਰ ਸਿੰਘ ਢਿੱਲੋਂ, ਸ਼੍ਰੀ ਸੰਜੀਵ ਕੁਮਾਰ ਐਡਵੋਕੇਟ ਅਤੇ ਸ਼੍ਰੀ ਭਰਪੂਰ ਸਿੰਘ ਮਾਨ ਰਿਟਾਇਰਡ ਆਫੀਸ਼ਲ ਬੀ ਡੀ ਪੀ ਓ ਮੌੜ ਪਹੁੰਚੇ। ਜਿਨ੍ਹਾਂ ਨੇ ਪੰਚਾਇਤ ਰਾਜ ਬਾਰੇ ਖੁੱਲ੍ਹ ਕੇ ਚਾਨਣਾ ਪਾਇਆ । ਅੰਤ ਵਿੱਚ ਸ. ਨਰਿੰਦਰ ਸਿੰਘ ਚੀਫ਼ ਇੰਜੀਨੀਅਰ ਪ੍ਰੋਜੈਕਟ ਕੁਆਰਡੀਨੇਟਰ ਮੰਗ ਸੀਮਾ ਜ਼ਿਲ੍ਹਾ ਕੇਂਦਰ ਬਠਿੰਡਾ ਨੇ ਸਾਰੇ ਆਏ ਹੋਏ ਪੰਚਾਂ-ਸਰਪੰਚਾਂ ਦਾ ਧੰਨਵਾਦ ਕੀਤਾ । ਟ੍ਰੇਨਿੰਗ ਦੇ ਸਾਰੇ ਪ੍ਰਬੰਧ ਸ੍ਰੀ ਕੁਲਜੀਤ ਸਿੰਘ ਮਾਨਸ਼ਾਹੀਆ ਬੀ ਡੀ ਪੀ ਓ ਮੌੜ ਨੇ ਸੁਚੱਜੇ ਢੰਗ ਨਾਲ ਕੀਤੇ । ਇਨ੍ਹਾਂ ਕਿਹਾ ਕਿ ਪੰਚਾਇਤਾਂ ਨੂੰ ਹਦਾਇਤਾਂ ਦਿੱਤੀਆਂ ਕਿ ਜੋ ਪੰਜਾਬ ਸਰਕਾਰ ਵੱਲੋਂ ਵਿਕਾਸ ਕਾਰਜ ਕੀਤੇ ਜਾ ਰਹੇ ਹਨ ਅਤੇ ਹੋਰ ਗਰਾਂਟਾਂ ਆਈਆਂ ਹਨ।

ਬੱਚਿਆਂ ਦਾ ਸਹੀ ਮਾਰਗ ਦਰਸ਼ਨ ਕਰਨਾ ਅਧਿਆਪਕ ਅਤੇ ਪਰਿਵਾਰ ਦੀ ਜ਼ਿੰਮੇਵਾਰੀ

ਤਖਤਗੜ੍ਹ, 30 ਜਨਵਰੀ (ਕਰਨ ਪੁਰੀ, ਪਰਮਜੀਤ ਅਬਿਆਣਾ)-ਜਿਸ ਤਰ੍ਹਾਂ ਤੇਜ਼ੀ ਨਾਲ ਸਮਾਂ ਬਦਲਦਾ ਜਾ ਰਿਹਾ ਹੈ, ਤੇਜ਼ੀ ਰਫਤਾਰ ਨਾਲ ਜ਼ਿੰਦਗੀ ਕਈ ਗੁਣਾ ਜ਼ਿਆਦਾ ਬਦਲਦੀ ਜਾ ਰਹੀ ਹੈ। ਸਮੇਂ ਦੇ ਨਾਲ ਬਦਲਣਾ ਚਾਹੀਦਾ ਵੀ ਹੈ ਤੇ ਇਹ ਸਹੀ ਵੀ ਹੈ। ਪਰ ਸਭ ਤੋਂ ਵੱਡਾ ਪ੍ਰਸ਼ਨ ਸਾਹਮਣੇ ਆਉਂਦਾ ਹੈ ਕਿ 'ਕਿਆ ਜੀਵਨ ਦੇ ਅਦਰਸ਼, ਨੈਤਿਕ, ਸੰਸਕਾਰ ਵੀ ਬਦਲਣੇ ਚਾਹੀਦੇ। ਅੱਜ ਦੀ ਸਮੱਸਿਆ ਚਾਹੇ ਬੱਚਿਆਂ ਦੀ ਹੈ ਜਾਂ ਫਿਰ ਪੀੜ੍ਹੀ ਦੇ ਅੰਤਰਾਲ ਦੀ, ਕਾਰਨ ਇੱਕ ਹੀ ਹੈ। ਦਿਨ ਪ੍ਰਤੀ ਦਿਨ ਹੋ ਰਹੀ ਸਮਾਜਿਕ ਅਤੇ ਨੈਤਿਕ ਗਿਰਾਵਟ। ਇਹ ਵੀ ਸੱਚ ਹੈ ਕਿ ਮਾਨਸਿਕ ਤੌਰ ਪਰ ਸਾਰੇ ਬੱਚੇ ਇੱਕੋ ਜਿਹੇ ਨਹੀਂ ਹੁੰਦੇ, ਆਪਣੇ ਆਪ ਵਿੱਚ ਅਨੋਖੇ ਅਤੇ ਵਿਸ਼ੇਸ਼ ਮਹੱਤਤਾ ਰੱਖਦੇ ਹਨ। ਪ੍ਰੰਤੂ ਮਾਤਾ-ਪਿਤਾ ਅਤੇ ਅਧਿਆਪਕ ਨੂੰ ਪਹਿਲਾ ਬੱਚਿਆਂ ਨੂੰ ਸਮਝਣਾ ਪੈਣਾ, ਫਿਰ ਉਨ੍ਹਾਂ ਦੀ ਸਮਝ ਨਾਲ ਮਾਤਾ-ਪਿਤਾ ਜਾਂ ਅਧਿਆਪਕ ਵਰਗ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਹ ਸਾਰਾ ਕੁਝ ਸਹਿਣਸ਼ੀਲਤਾ ਦੀ ਘਾਟ ਅਤੇ ਨੈਤਿਕਤਾ ਦੀ ਘਾਟ ਦਾ ਨਤੀਜਾ ਹੈ। ਜੋ ਸਥਾਨ ਇੱਕ ਬੱਚੇ ਦੀ ਨਜ਼ਰ ਵਿੱਚ ਪਰਿਵਾਰ ਅਤੇ ਅਧਿਆਪਕ ਦਾ ਹੋਣਾ ਚਾਹੀਦਾ ਹੈ, ਨਹੀਂ ਹੈ। ਇੱਥੇ ਇਹ ਵੀ ਕਹਿਣਾ ਉਚਿਤ ਹੋਵੇਗਾ ਕਿ ਹੋ ਸਕਦਾ ਹੈ ਕਿ ਪਰਿਵਾਰ ਦੇ ਲੋਕ ਵੀ ਬਦਲ ਚੁੱਕੇ ਹਨ ਜਾਂ ਫਿਰ ਪੱਛਮੀ ਸੱਭਿਅਤਾ ਦੇ ਪ੍ਰਭਾਵ ਕਾਰਨ ਕਿਸ਼ੋਰ ਅਵਸਥਾ ਵਿੱਚ ਆਉਣੇ। ਬੱਚਿਆਂ ਨੂੰ ਉਨ੍ਹਾਂ ਦੇ ਹਾਲ ਉੱਪਰ ਹੀ ਛੱਡ ਦਿੰਦੇ ਹਨ ਜਾਂ ਫਿਰ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਨਜ਼ਰ ਅੰਦਾਜ਼ ਕਰ ਦਿੰਦੇ ਹਨ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਸਹੀ ਮਾਰਗ ਦਰਸ਼ਨ ਕਰਨ।

ਔਰਤਾਂ ਦਾ ਆਤਮ ਨਿਰਭਰ ਹੋਣਾ ਸਮੇਂ ਦੀ ਲੋੜ-ਘੁੰਮਣ

ਬਲਾਚੌਰ, 30 ਜਨਵਰੀ (ਪੱਤਰ ਪ੍ਰੇਰਕ)-ਅੱਜ ਇੱਥੋਂ ਨਜ਼ਦੀਕ ਪਿੰਡ ਗੜ੍ਹੀ ਕਾਨੂੰਗੋਆਂ ਵਿਖੇ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਇਕਾਈ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਖੋਲ੍ਹੇ ਗਏ ਨੌਵੇਂ ਸਿਲਾਈ ਕਢਾਈ ਟ੍ਰੇਨਿੰਗ ਸੈਂਟਰ ਦੇ ਛੇ ਮਹੀਨੇ ਦਾ ਅਰਸਾ ਪੂਰਾ ਹੋਣ ਤੇ ਸਿੱਖਿਆਰਥਣਾਂ ਨੂੰ ਸਰਟੀਫਿਕੇਟ ਵੰਡਣ ਹਿੱਤ ਇੱਕ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਸਥਾ ਦੇ ਕਾਨੂੰਨੀ ਸਲਾਹਕਾਰ ਬਲਵੀਰ ਮੁਛਾਲ, ਮੀਤ ਪ੍ਰਧਾਨ ਜਸਵੰਤ ਸਿਘ ਤੂਰ, ਸਲਾਹਕਾਰ ਦੀਦਾਰ ਬੈਂਸ, ਪਿੰਡ ਦੀ ਸਰਪੰਚ ਚਰਨਜੀਤ ਕੌਰ, ਅਸ਼ਲੇਸ਼ ਕੁਮਾਰ ਆਸ਼ੂ, ਮਨਜੀਤ ਸਿੰਘ ਚਾਹੜ ਮਜਾਰਾ, ਕੁਲਵੰਤ ਸਿੰਘ ਜਲਵਾਹਾ ਅਤੇ ਮੋਹਣ ਸਿੰਘ ਆਦਿ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਤੋਂ ਇਲਾਵਾ ਬਾਲ ਕਲਾਕਾਰ ਮਹਿਕਪ੍ਰੀਤ ਸਿੰਘ ਸਟਾਫ ਨਰਸ ਬਲਜੀਤ ਕੌਰ, ਮੈਡਮ ਬਲਵੀਰ ਕੌਰ ਅਤੇ ਮਮਤਾ ਤੇ ਸਾਥਣਾਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਅੱਜ ਦੇ ਇਸ ਸਮਾਗਮ ਵਿੱਚ ਮੈਡਮ ਕਸ਼ਮੀਰ ਕੌਰ, ਕੁਲਦੀਪ ਕੌਰ, ਜਰਨੈਲ ਸਿੰਘ, ਬਲਵੀਰ ਰਾਮ, ਜੋਗਾ ਸਿੰਘ (ਸਾਰੇ ਮੈਂਬਰ ਪੰਚਾਇਤ) ਡਾ. ਜਸਵੀਰ ਸਿੰਘ, ਪਟਵਾਰੀ ਬਖਸ਼ੀ ਰਾਮ, ਪਟਵਾਰੀ ਲਾਲ ਸਿੰਘ, ਸਿਲਾਈ ਟੀਚਰ ਪਰਮਿੰਦਰ ਕੌਰ, ਮੈਡਮ ਨੀਲਮ ਰਾਣੀ, ਆਸ਼ਾ ਰਾਣੀ, ਸੁੰਮਨ ਰਾਣੀ, ਕੁਲਵਿੰਦਰ ਕੌਰ, ਚਰਨਜੀਤ ਸਿੰਘ, ਗੁਰਬਖਸ਼ ਸਿੰਘ, ਪਰਮਜੀਤ ਸਿੰਘ ਖਾਲਸਾ ਅਤੇ ਸਮੂਹ ਪਿੰਡ ਵਾਸੀ ਹਾਜ਼ਰ ਸਨ।

ਪਵਾਰ ਦੇ ਬਿਆਨਾਂ ਨਾਲ ਮਹਿੰਗਾਈ 'ਚ ਬੇਤਹਾਸ਼ਾ ਵਾਧਾ ਹੋਇਆ-ਗੁਪਤਾ

ਮੰਡੀ ਗੋਬਿੰਦਗੜ੍ਹ, 30 ਜਨਵਰੀ (ਵਿਪਨ ਬਾਂਸਲ)- ਭਾਜਪਾ ਯੂਵਾ ਮੋਰਚਾ ਦੇ ਸਾਬਕਾ ਪ੍ਰਦੇਸ਼ ਖਜਾਨਚੀ ਅਤੇ ਜਿਲ੍ਹਾ ਕਾਰਜਕਰਨੀ ਦੇ ਮੈਂਬਰ ਸ਼੍ਰੀ ਰਵਿੰਦਰ ਗੁਪਤਾ ਨੇ ਕਿਹਾ ਕਿ ਦੇਸ਼ ਦੇ ਲੋਕਾਂ ਨੇ ਸਮੇਂ-ਸਮੇਂ ਤੇ ਸੂਰਜ ਤੇ ਚੰਦਰਮਾ ਗ੍ਰਹਿਣ ਦਾ ਸਾਹਮਣਾ ਕੀਤਾ ਜਿਸਦਾ ਹਰੇਕ ਵਿਅਕਤੀ ਦੇ ਜੀਵਨ ਤੇ ਚੰਗਾ ਜਾਂ ਬੁਰਾ ਪ੍ਰਭਾਵ ਵੀ ਪੈਂਦਾ ਹੈ ਪਰ ਇਸ ਵੇਲੇ ਦੇਸ਼ ਵਿਚ ਇਕ ਨਵਾਂ ਗ੍ਰਹਿਣ ਆਪਣਾ ਮਾੜਾ ਪ੍ਰਭਾਵ ਆਮ ਲੋਕਾਂ ਤੇ ਪਾ ਰਿਹਾ ਹੈ। ਜਿਸ ਕਾਰਨ ਹਰ ਪਾਸੇ ਹਾਹਾਕਾਰ ਮੱਚ ਗਿਆ ਹੈ, ਉਹ ਮਹਿਗਾਈ ਰੂਪੀ ਪਵਾਰ ਗ੍ਰਹਿਣ ਹੈ ਪ੍ਰੰਤੂ ਕੇਂਦਰ ਦੀ ਗਠਜੋੜ ਕਾਂਗਰਸ ਸਰਕਾਰ ਨੇ ਇਸ ਮੁੱਦੇ ਤੇ ਜਾਂ ਤਾਂ ਚੁਪੀ ਧਾਰੀ ਹੋਈ ਹੈ ਜਾਂ ਫਿਰ ਮਹਿਗਾਈ ਨੂੰ ਘੱਟ ਕਰਨ ਲਈ ਜੁਬਾਨੀ ਵਾਅਦੇ ਕੀਤੇ ਜਾ ਰਹੇ ਹਨ। ਸ਼੍ਰੀ ਗੁਪਤਾ ਨੇ ਕੇਂਦਰ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਸ਼੍ਰੀ ਪਵਾਰ ਵੱਲੋਂ ਦਿੱਤੇ ਜਾ ਰਹੇ ਬੇਲੋੜੇ ਅਤੇ ਗੈਰ ਜਿੰਮੇਵਾਰ ਬਿਆਨਾਂ ਨੂੰ ਧਿਆਨ ਵਿਚ ਰੱਖ ਕੇ ਸ਼੍ਰੀ ਪਵਾਰ ਨੂੰ ਮੰਤਰੀ ਮੰਡਲ ਵਿਚੋਂ ਕੱਢਿਆ ਜਾਵੇ ਪਰ ਜੇਕਰ ਅਜਿਹਾ ਕਦਮ ਚੁੱਕਣ ਵਿਚ ਕੇਂਦਰ ਸਰਕਾਰ ਦੀ ਕੋਈ ਮਜਬੂਰੀ ਹੈ ਤਾਂ ਇੰਨਾ ਜਰੂਰ ਕੀਤਾ ਕਿ ਸ਼੍ਰੀ ਪਵਾਰ ਤੋਂ ਖੁਰਾਕ ਤੇ ਖੇਤੀਬਾੜੀ ਵਿਭਾਗ ਵਾਪਸ ਲੈ ਕੇ ਲੋਕਾਂ ਨੂੰ ਮਹਿਗਾਈ ਰੂਪੀ ਪਵਾਰ ਤੋਂ ਬਚਾਇਆ ਜਾਵੇ। ਉਨ੍ਹਾਂ ਕਿਹਾ ਕਿ ਸ਼੍ਰੀ ਪਵਾਰ ਦੇ ਬਿਆਨਾਂ ਕਾਰਨ ਚੀਨੀ ਸਮੇਤ ਸਾਰੀਆਂ ਘਰੇਲੂ ਵਰਤੋਂ ਦੀਆਂ ਵਸਤਾਂ ਦੇ ਰੇਟ ਆਸਮਾਨੀ ਚੜ੍ਹੇ ਜਿਸ ਦਾ ਜਮ੍ਹਾਂਖੋਰਾਂ ਨੇ ਲਾਹਾ ਲਿਆ ਅਤੇ ਹਾਲ ਹੀ ਵਿਚ ਦੁੱਧ ਦੀਆਂ ਕੀਮਤਾਂ ਵਿਚ ਹੋਣ ਵਾਲੇ ਵਾਧੇ ਸੰਬੰਧੀ ਦਿੱਤੇ ਬਿਆਨ ਕਾਰਨ ਆਮ ਲੋਕਾਂ ਵਿਚ ਹਾਹਾਕਾਰ ਮੱਚ ਗਿਆ ਹੈ।

ਖ਼ਬਰਨਾਮਾ

ਟੋਭੇ ਵਿੱਚ ਡਿੱਗਣ ਨਾਲ ਨੌਜਵਾਨ ਦੀ ਮੌਤ

ਨਾਭਾ, 30 ਜਨਵਰੀ (ਰਾਜਿੰਦਰ ਸਿੰਘ ਕਪੂਰ)-ਇੱਥੋਂ ਨੇੜਲੇ ਪਿੰਡ ਚੌਧਰੀ ਮਾਜਰਾ ਵਿਖੇ ਪਿੰਡ ਦੇ ਟੋਭੇ ਵਿੱਚ ਡਿੱਗਣ ਨਾਲ ਇੱਕ ਨੌਜਵਾਨ ਦੀ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮਿਲੀ ਜਾਣਕਾਰੀ ਅਨੁਸਾਰ 23 ਜਨਵਰੀ ਦਿਨ ਸ਼ਨੀਵਾਰ ਤੋਂ ਗੁੰਮ ਹੋਇਆ ਦਲਬੀਰ ਸਿੰਘ 24 ਪੁੱਤਰ ਜਸਵਿੰਦਰ ਸਿੰਘ ਜਦੋਂ ਛੇ ਦਿਨ ਬੀਤ ਜਾਣ 'ਤੇ ਵੀ ਘਰ ਵਾਪਸ ਨਾ ਮੁੜਿਆ ਤਾਂ ਪਿੰਡ ਵਾਸੀਆਂ ਨੇ ਪਿੰਡ ਦੇ ਟੋਭੇ ਵਿੱਚੋਂ ਪਾਣੀ ਕੱਢਣਾ ਸ਼ੁਰੂ ਕਰ ਦਿੱਤਾ। ਕਾਫੀ ਮੁਸ਼ੱਕਤ ਤੋਂ ਬਾਅਦ ਅੱਜ ਸਵੇਰੇ ਉਪਰੋਕਤ ਨੌਜਵਾਨ ਦੀ ਟੋਭੇ ਵਿੱਚੋਂ ਲਾਸ਼ ਮਿਲੀ। ਮੌਕੇ ਤੇ ਮਿਲੀ ਜਾਣਕਾਰੀ ਅਨੁਸਾਰ ਸ਼ਨੀਵਾਰ ਰਾਤ ਨੂੰ ਜਦੋਂ ਦਲਬੀਰ ਸਿੰਘ ਉਰਫ ਬੱਬਲੂ ਟੋਭੇ ਦੇ ਕਿਨਾਰੇ ਪਿਸ਼ਾਬ ਕਰਨ ਲੱਗਿਆ ਤਾਂ ਉਸ ਟੋਭੇ ਵਿੱਚ ਡਿੱਗ ਪਿਆ ਤੇ ਡੁੱਬਣ ਨਾਲ ਉਸ ਦੀ ਮੌਤ ਹੋ ਗਈ। ਅੱਜ ਮੌਕੇ 'ਤੇ ਹੀ ਥਾਣਾ ਸਦਰ ਸਦਰ ਮੁਖੀ ਸ਼ਮਿੰਦਰ ਸਿੰਘ ਤੇ ਹੋਰ ਪੁਲਿਸ ਪਾਰਟੀ ਨੇ ਪਹੁੰਚ ਕੇ ਲਾਸ਼ ਦਾ ਸਰਕਾਰੀ ਸਿਵਲ ਹਸਪਤਾਲ ਵਿਖੇ ਪੋਸਟ ਮਾਰਟਮ ਕਰਵਾ ਕੇ ਉਸ ਨੂੰ ਵਾਰਸਾਂ ਹਵਾਲੇ ਕਰ ਦਿੱਤਾ। ਜ਼ਿਕਰਯੋਗ ਹੈ ਕਿ ਦਲਬੀਰ ਸਿੰਘ ਇਕਲੌਤਾ ਲੜਕਾ ਸੀ। ਉਸਦੇ ਪਿਤਾ ਜਸਵਿੰਦਰ ਸਿੰਘ ਜੇ.ਈ. ਦੀ ਕੁਝ ਸਾਲ ਪਹਿਲਾਂ ਮੌਤ ਹੋ ਗਈ ਸੀ। ਇਸ ਮੌਤ ਨਾਲ ਸਾਰੇ ਪਿੰਡ ਵਿੱਚ ਸ਼ੋਕ ਦਾ ਮਾਹੌਲ ਸੀ। ਇਸ ਮੌਕੇ ਮੌਜੂਦ ਸੀਨੀਅਰ ਅਕਾਲੀ ਆਗੂ ਸ਼ਮਸ਼ੇਰ ਸਿੰਘ ਚੌਧਰੀ ਮਾਜਰਾ ਨੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਪ੍ਰਕਾਸ਼ ਉਤਸਵ 'ਤੇ ਨਗਰ ਕੀਰਤਨ ਕੱਢਿਆ

ਮਾਹਿਲ ਪੁਰ, 30 ਜਨਵਰੀ (ਪ.ਪ.)-ਭਗਤ ਰਵਿਦਾਸ ਜੀ ਦੇ 633ਵੇਂ ਪ੍ਰਕਾਸ਼ ਉਤਸਵ ਤੇ ਸ੍ਰੀ ਗੁਰੂ ਰਵਿਦਾਸ ਨੌਜਵਾਨ ਕਮੇਟੀ ਤੇ ਸਮੂਹ ਸੰਗਤਾਂ ਵਿੱਚ ਸਹਿਯੋਗ ਨਾਲ ਵਿਸ਼ਾਲ ਨਗਰ ਕੀਰਤਨ ਕੱਢਿਆ ਗਿਆ। ਨਗਰ ਕੀਰਤਨ ਰਵਿਦਾਸ ਜੀ ਮਹਾਰਾਜ ਗੁਰਦੁਆਰੇ ਤੋਂ ਆਰੰਭ ਹੋ ਕੇ ਮਾਹਿਲਪੁਰ ਹੁਸ਼ਿਆਰਪੁਰ ਰੋਡ, ਫਗਵਾੜਾ ਰੋਡ ਤੇ ਮਾਹਿਲਪੁਰ ਨਗਰ ਵਿੱਚ ਹੋ ਕੇ ਵਾਪਸ ਗੁਰੂ ਰਵਿਦਾਸ ਗੁਰਦੁਆਰੇ ਸਮਾਪਤ ਹੋਈਆਂ, ਸਾਰਾ ਸ਼ਹਿਰ ਗੁਰੂ ਜੀ ਦੇ ਜੈਕਾਰਿਆਂ ਨਾਲ ਗੂੰਜ ਉਠਿਆ। ਸੰਗਤਾਂ ਨੂੰ ਰਾਗੀ ਜਥਾ ਭਾਈ ਕਸ਼ਮੀਰ ਸਿੰਘ ਤੇ ਭਾਈ ਕੁਲਦੀਪ ਸਿੰਘ (ਗੋਲਡੀ) ਨੇ ਗੁਰੂ ਜੀ ਦੇ ਸ਼ਬਦਾਂ ਨਾਲ ਨਿਹਾਲ ਕੀਤਾ। ਇਸ ਮੌਕੇ ਤੇ ਬਹੁਜਨ ਸਮਾਜ ਪਾਰਟੀ ਦੇ ਪ੍ਰਧਾਨ ਸ੍ਰੀ ਅਵਤਾਰ ਸਿੰਘ ਕਰੀਮਪੁਰੀ ਨੇ ਸਮੂਹ ਸੰਗਤਾਂ ਨੂੰ ਗੁਰੂ ਜੀ ਦੇ ਜਨਮ ਉਤਸਵ 'ਤੇ ਲੱਖ-ਲੱਖ ਵਧਾਈ ਦਿੱਤੀ, ਇਸ ਮੌਕੇ ਸ੍ਰ. ਮਹਿੰਦਰ ਸਿੰਘ, ਸ੍ਰੀ ਮਨੋਹਰ ਲਾਲ, ਕੁਲਵੰਤ ਸਿੰਘ, ਜਹਾਂਗੀਰ, ਚਰਨਜੀਤ ਸਿੰਘ, ਬਖਸ਼ੀਸ਼ ਸਿੰਘ, ਕਰਨੈਲ ਰਾਜੂ, ਬਿੰਦਰ, ਰਮਜਾਨ, ਜਸਪਾਲ ਸ਼ਰੀ, ਜਸ਼ਨ ਹੀਰ, ਤਨਸ਼ ਹੀਰ, ਕੁਲਦੀਪ ਤੇ ਸਨਵੀਰ ਨੇ ਹਾਜ਼ਰੀ ਲਵਾਈ। ਗੁਰੂ ਜੀ ਦੇ ਉਤਸਵ 'ਤੇ ਸੰਤਰੇ, ਲੱਡੂ, ਬਰਫੀ ਤੇ ਹੋਰ ਲੰਗਰ ਲਗਾਏ ਗਏ।

17ਵਾਂ ਕ੍ਰਿਕਟ ਟੂਰਨਾਮੈਂਟ ਜ਼ੋਰਾਂ-ਸ਼ੋਰਾਂ ਨਾਲ ਸ਼ੁਰੂ

ਗੜ੍ਹਸ਼ੰਕਰ 30 ਜਨਵਰੀ (ਪ.ਪ.)- ਅੱਜ ਇਥੇ ਭਗਵਾਨ ਸ਼੍ਰੀ ਵਾਲਮੀਕਿ ਕ੍ਰਿਕਟ ਕੱਪ ਵਲੋਂ 17ਵਾਂ ਮਹਾਨ ਭਗਵਾਨ ਬਾਲਮੀਕਿ 20-20 ਕ੍ਰਿਕਟ ਟੂਰਨਾਮੈਂਟ ਦਾ ਰਸਮੀ ਉਦਘਾਟਨ ਪ੍ਰਦੀਪ ਸਭੱਰਵਾਲ ਪੀ ਸੀ ਐਸ ਡਿਪਟੀ ਡਾਇਰੈਕਟਰ ਪੰਜਾਬ ਸਰਕਾਰ ਨੇ ਕੀਤਾ। ਟੂਰਨਾਮੈਂਟ ਕਮੇਟੀ ਦੇ ਚੇਅਰਮੈਂਨ ਰਾਜ ਕੁਮਾਰ ਭੱਟੀ ਐਡਵੋਕੇਟ ਨੇ ਆਏ ਮੁੱਖ ਮਹਿਮਾਨ ਦਾ ਸਵਾਗਤ ਕੀਤਾ, ਇਸ ਟੂਰਨਾਮੈਂਟ ਦਾ ਉਦਘਾਟਨੀ ਮੈੱਚ ਡਾਕਟਰ ਮਲਿੱਕ ਕ੍ਰਿਕਟ ਕਲੱਬ ਊਨਾ ਅਤੇ ਸਾਹਬੀ ਕ੍ਰਿਕਟ ਕਲੱਬ ਹੁਸ਼ਿਆਰਪੁਰ ਦਰਮਿਆਨ ਹੋਇਆ ਜਿਸ 'ਚ ਸਾਹਬੀ ਕ੍ਰਿਕਟ ਕਲੱਬ ਹੁਸ਼ਿਆਰਪੁਰ ਨੇ 14 ਰਨਾਂ ਨਾਲ ਜੇਤੂ ਰਹੀ। ਅੰਪਾਇਰਾਂ ਦੀ ਭੂਮਿਕਾ ਅਜੇ ਰਾਣਾ ਹੈਪੀ ਸਾਧੋਵਾਲ, ਸੁਰਿੰਦਰ ਮੋਹਨ ਭੱਲਾ, ਨੇ ਬਾਖੂਬੀ ਨਿਭਾਈ। ਇਸ ਮੌਕੇ ਹੋਰਨਾ ਤੋਂ ਇਲਾਵਾ ਹਾਸ ਕਲਾਕਾਰ ਬਲਵਿੰਦਰ ਵਿੱਕੀ (ਚਾਚਾ ਰੋਣਕੀ ਰਾਮ), ਆਰ ਐਸ ਪਠਾਣੀਆਂ, ਰਜਿੰਦਰ ਸਿੰਘ ਸ਼ੁਕਾ, ਹਰਵੇਲ ਸੈਣੀ, ਆਰ ਕੇ ਭੱਟੀ, ਨਰਿੰਦਰ ਵਾਲੀਆ, ਚੋ ਸਰਬਜੀਤ, ਪ੍ਰਦੀਪ ਸ਼ਰਮਾ ਆਦਿ ਵਿਸ਼ੇਸ਼ ਤੋਰ ਤੇ ਸ਼ਾਮਲ ਸਨ।

ਆਪਣੀ ਜ਼ਮੀਨ 'ਚ ਨੀਂਹਾਂ ਭਰਨ 'ਤੇ ਰੋਕਣ ਵਾਲੀਆਂ ਔਰਤਾਂ ਨੂੰ ਬੇਰਹਿਮੀ ਨਾਲ ਕੁਟਾਪਾ ਚਾੜਿਆ

ਨੂਰਪੁਰ ਬੇਦੀ, 30 ਜਨਵਰੀ (ਜਗਦੀਪ ਸ਼ਰਮਾ)-ਬੀਤੇ ਦਿਨੀਂ ਇਲਾਕੇ ਦੇ ਪਿੰਡ ਬਜਰੂੜ ਵਿਖੇ ਘਰੇਲੂ ਜ਼ਮੀਨੀ ਲੜਾਈ ਦੌਰਾਨ ਦੇ ਧਿਰਾਂ ਵਿਚਕਾਰ ਹੋਈ ਲੜਾਈ ਵਿੱਚ 2 ਔਰਤਾਂ ਤੇ ਇੱਕ ਵਿਅਕਤੀ ਦੇ ਜ਼ਖਮੀ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਅੱਜ ਸਥਾਨਕ ਸਿਵਲ ਹਸਪਤਾਲ ਸਿੰਘਪੁਰ ਵਿਖੇ ਜ਼ੇਰੇ ਇਲਾਜ ਔਰਤਾਂ ਸੁਦੇਸ ਕੁਮਾਰੀ ਪਤਨੀ ਚਮਨ ਲਾਲ (48) ਸਾਲ ਤੇ ਬਜ਼ੁਰਗ ਔਰਤ ਬਿਆਸਾ ਦੇਵੀ ਪਤਨੀ ਸੁੱਖ ਰਾਮ (75) ਸਾਲ ਤੇ ਮਾਮੂਲੀ ਜ਼ਖਮੀ ਲੜਕੀ ਗੀਟਾ ਪੁਤਰੀ ਚਮਨ ਲਾਲ ਨੇ ਪਿੰਡ ਦੇ ਹੀ ਲੋਕਾਂ ਗੁਰਪ੍ਰੀਤ ਸਿੰਘ ਪੁੱਤਰ ਅਮਰਜੀਤ ਸਿੰਘ ਤੇ ਅਮਰਜੀਤ ਸਿੰਘ ਪੁੱਤਰ ਬਖਤਾਵਰ ਸਿੰਘ ਤੇ ਗੁਰਮੇਲ ਕੌਰ ਪਤਨੀ ਅਮਰਜੀਤ ਸਿੰਘ ਤੇ ਦੋਸ਼ ਲਗਾਉਂਦਿਆਂ ਕਿਹਾ ਕਿ ਇਹ ਲੋਕ ਸਾਡੀ ਜ਼ਮੀਨ ਵਿਚਕਾਰ ਨਜਾਇਜ਼ ਰੂਪ 'ਚ ਨੀਂਹਾਂ ਭਰ ਰਹੇ ਸਨ ਤੇ ਜਦੋਂ ਅਸ਼ੀਂ ਇਨ੍ਹਾਂ ਨੂੰ ਨਜਾਇਜ਼ ਉਸਾਰੀ ਰੋਕਣ ਲਈ ਕਿਹਾ ਤਾਂ ਇਨ੍ਹਾਂ ਸਾਨੂੰ ਇਕੱਲੀਆਂ ਔਰਤਾਂ ਦੇਖਕੇ, ਰੋੜਿਆ ਨਾਲ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਜਿਸ ਤੋਂ ਬਾਅਦ ਇਨ੍ਹਾਂ ਨੂੰ ਆਸੇ-ਪਾਸੇ ਦੇ ਲੋਕਾਂ ਵੱਲੋਂ ਸਿਵਲ ਹਸਪਤਾਲ ਸਿੰਘਪੁਰ ਵਿਖੇ ਲਿਆਂਦਾ ਗਿਆ, ਜਿੱਥੇ ਇਨ੍ਹਾਂ ਦਾ ਇਲਾਜ ਜਾਰੀ ਹੈ। ਇਸੇ ਪ੍ਰਕਾਰ ਦੂਜੀ ਧਿਰ ਦੇ ਵਿਅਕਤੀ ਅਮਰਜੀਤ ਸਿੰਘ ਦਾ ਵੀ ਇਸੇ ਲੜਾਈ 'ਚ ਜ਼ਖਮੀ ਹੋਣ ਕਾਰਨ ਇਲਾਜ ਚੱਲ ਰਿਹਾ ਹੈ। ਦੂਜੀ ਧਿਰ ਦਾ ਕਹਿਣਾ ਹੈ ਕਿ ਇਹ ਲੜਾਈ ਚਮਨ ਲਾਲ ਦੇ ਪਰਿਵਾਰ ਵੱਲੋਂ ਬੇਵਜ੍ਹਾ ਕੀਤੀ ਗਈ ਹੈ।

ਆਈ. ਐਮ. ਆਈ. ਨੇ ਸੂਬੇ ਦੇ 10 ਸ਼ਹਿਰਾਂ ਅੰਦਰ ਐਂਟੀ ਪਾਇਰੇਸੀ ਮੁਹਿਮ ਅਧੀਨ ਛਾਪੇ ਮਾਰੇ

ਪਾਇਰੇਸੀ ਕਰਨ ਵਾਲੇ 10 ਦੋਸ਼ੀ ਗ੍ਰਿਫਤਾਰ

ਮੋਹਾਲੀ, 30 ਜਨਵਰੀ (ਵੀਨਾ ਰਾਜਪੂਤ)- ਇੰਡੀਅਨ ਮਿਊਂਜ਼ਿਕ ਇੰਡਸਟਰੀ ਤੋਂ ਮਿਲੀ ਰਿਪੋਰਟ ਦੇ ਆਧਾਰ ਤੇ ਕਾਰਵਾਈ ਕਰਦੇ ਹੋਏ ਪੰਜਾਬ ਪੁਲਿਸ ਨੇ ਸੂਬੇ 'ਚ ਵੱਡੇ ਪੈਮਾਨੇ ਤੇ ਮੋਬਾਇਲ ਚਿੱਪ ਐਂਟੀ ਪਾਇਰੇਸੀ ਅਧੀਨ ਛਾਪੇ ਮਾਰੇ ਹਨ। ਇਹ ਛਾਪੇ ਮੁਹਾਲੀ, ਫਰੀਦਕੋਟ, ਬਠਿੰਡਾ, ਲੁਧਿਆਣਾ, ਬਟਾਲਾ ਅਤੇ ਅੰਮ੍ਰਿਤਸਰ ਵਰਗੇ ਪ੍ਰਮੁੱਖ ਸ਼ਹਿਰਾਂ ਵਿਚ ਮਾਰੇ ਗਏ ਅਤੇ ਇਥੋਂ ਵੱਡੀ ਗਿਣਤੀ 'ਚ ਨਕਲੀ ਮਾਲ ਜਿਵੇਂ ਮੋਬਾਇਲ ਮੈਮਰੀ ਚਿੱਪ, ਸੀਡੀਜ਼, ਐਮ. ਪੀ. 3, ਡੀਵੀਡੀ ਅਤੇ ਵੀਸੀਡੀ ਆਦਿ ਜ਼ਬਤ ਕੀਤਾ ਗਿਆ। ਪੁਲਿਸ ਦੇ ਹੱਥ 53 ਮੈਮਰੀ ਕਾਰਡ, 1497 ਨਕਲੀ ਸੀਡੀਜ਼, 8 ਕੰਪਿਊਟਰ ਅਤੇ ਕਈ ਡੀਵੀਡੀ ਰਾਈਟਰ ਅਤੇ ਕਾਰਡ ਰੀਡਰ ਲੱਗੇ ਹਨ। ਇਨ੍ਹਾਂ ਛਾਪਿਆਂ ਦੌਰਾਨ ਪੁਲਿਸ ਨੇ ਮਸ਼ਹੂਰ ਫਿਲਮਾਂ ਵੇਕ ਅੱਪ ਸਿੱਧ, ਅਜ਼ਬ ਪ੍ਰੇਮ ਕੀ ਗਜ਼ਬ ਕਹਾਣੀ, ਸਿੰਗ ਇਜ਼ ਕਿੰਗ, ਦੇ ਦਨਾਦਨ, ਬਾਰਡਰ, ਮਡਰ, ਰਾਜਾ ਹਿੰਦੋਸਤਾਨੀ, ਚਮਕੀਲਾ, ਗਲ ਤਨ ਬਾਂਦੀ, ਦਿਲ ਆਪਣਾ ਪੰਜਾਬੀ, ਦਿਲ ਡੋਲ ਗਿਆ ਵਰਗੀਆਂ ਕਈ ਹਿੱਟ ਫਿਲਮਾਂ ਦੀਆਂ ਨਕਲੀ ਐਮ. ਪੀ. 3 ਬਰਾਮਦ ਕੀਤੀਆਂ

ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਦੀ ਯਾਦ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ

ਫਤਿਹਗੜ੍ਹ ਸਾਹਿਬ, 30 ਜਨਵਰੀ (ਪਰਦੀਪ ਸਿੰਘ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਰਹਿੰਦ ਫ਼ਤਹਿ ਦਿਵਸ ਦੀ ਤੀਸਰੀ ਸ਼ਤਾਬਦੀ ਨੂੰ ਸਫਲਤਾ ਨਾਲ ਮਨਾਉਣ ਸਬੰਧੀ ਧਾਰਮਿਕ ਪ੍ਰੋਗਰਾਮਾਂ ਦੀ ਆਰੰਭੀ ਗਈ ਕੜੀ ਤਹਿਤ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਜਿਸ ਨੇ ਮਾਤਾ ਗੁਜਰੀ ਜੀ ਅਤੇ ਦਸ਼ਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸ਼ਾਹਿਬਜਾਦਿਆ ਬਾਬਾ ਜ਼ੋਰਾਵਰ ਸਿੰਘ ਬਾਬਾ ਫਤਿਹ ਸਿੰਘ ਤੇ ਜਗਤ ਮਾਤਾ ਗੁਜਰ ਕੌਰ ਨੂੰ ਸਰਹਿੰਦ ਦੇ ਸੂਬੇਦਾਰ ਵਜੀਦ ਖਾਨ ਦੀ ਕੈਦ ਸਮੇਂ ਦੁੱਧ ਪਿਲਾਉਣ ਦੀ ਸੇਵਾ ਕੀਤੀ ਅਤੇ ਦੀਵਾਨ ਟੋਡਰ ਮੱਲ ਜੀ ਦੇ ਨਾਲ ਰਲ ਕੇ ਉਹਨਾਂ ਦਾ ਸੰਸਕਾਰ ਕਰਵਾਇਆ ਦੀ ਜਨਮ ਭੂਮੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਤੇ ਪੰਜਾ ਪਿਆਰਿਆਂ ਦੀ ਅਗਵਾਈ ਵਿੱਚ ਗੁਰਦੁਆਰਾ ਸਾਹਿਬ ਮੁਹੱਲਾ ਜੱਟਪੁਰਾ ਸਰਹਿੰਦ ਸ਼ਹਿਰ ਤੋਂ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਤੱਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਸ ਮੌਕੇ ਜਿਉਂ ਹੀ ਨਗਰ ਕੀਰਤਨ ਦੀ ਆਰੰਭਤਾ ਹੋਈ ਸੰਗਤਾਂ ਨੇ ਬਾਬਾ ਮੋਤੀ ਰਾਮ ਜੀ ਮਹਿਰਾ ਦੇ ਸਬੰਧ ਵਿੱਚ ਜੈਕਾਰੇ ਲਾਏ ਗਏ ਅਤੇ ਬਹੁਤ ਹੀ ਜਜ਼ਬਾਤੀ ਸੁਰ ਵਿੱਚ ਸਬਦ ਗਾਇਨ ਕੀਤੇ ਗਏ। ਨਗਰ ਕੀਰਤਨ ਵਿੱਚ ਵੱਖ-ਵੱਖ ਗੱਤਕਾਂ ਪਾਰਟੀਆਂ ਅਤੇ ਬਾਬਾ ਮੋਤੀ ਰਾਮ ਮਹਿਰਾ ਚੈਰੀਟੇਬਲ ਟਰੱਸਟ ਦੇ ਮੈਬਰ ਅਤੇ ਸਿੱਖ ਸੰਗਤਾਂ ਨੇ ਭਾਰੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ । ਇਹ ਨਗਰ ਕੀਰਤਨ ਦੀਵਾਨ ਟੋਡਰ ਮੱਲ ਹੱਲ ਫਤਿਹਗੜ੍ਹ ਸਾਹਿਬ ਵਿਖੇ ਸਮਾਪਤ ਹੋਇਆ ਜਿੱਥੇ ਇਸੇ ਸਬੰਧ ਵਿਚ ਧਾਰਮਿਕ ਗੁਰਮਤਿ ਸਮਾਗਮ ਕੀਤਾ ਗਿਆਂ। ਇਸ ਮੌਕੇ ਤੇ ਵੱਡੀ ਗਿਣਤੀ ਵਿਚ ਸ਼ਾਮਲ ਸੰਗਤਾਂ ਨੂੰ ਸਬੋਧਨ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰੀ ਮੈਂਬਰ ਸ਼੍ਰ. ਕਰਨੈਲ ਸਿੰਘ ਪੰਜੋਲੀ ਨੇ ਕਿਹਾ ਕਿ ਸਰਹਿੰਦ ਫ਼ਤਹਿ ਦਿਵਸ ਦੀ ਸ਼ਤਾਬਦੀ ਦੇ ਸਬੰਧ ਵਿੱਚ ਇਹ ਪਹਿਲਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਹੈ ਜੋ ਅਮਰ ਸ਼ਹੀਦ ਬਾਬਾ ਮੋਤੀ ਰਾਮ ਜੀ ਮਹਿਰਾ ਨੂੰ ਸਮਰਪਿਤ ਹੈ।

ਬਾਬਾ ਮੋਤੀ ਰਾਮ ਮਹਿਰਾ ਜੀ ਦੀ ਯਾਦ ਨੂੰ ਸਮਰਪਿਤ ਕੱਢੇ ਗਏ ਨਗਰ ਕੀਰਤਨ ਵਿਚ ਸ਼ਾਮਲ ਸੰਗਤਾਂ। ਫੋਟੋ ਪਰਦੀਪ ਸਿੰਘ

ਨਸ਼ਾ ਨਾ ਵੇਚਣ ਦਾ ਮੈਡੀਕਲ ਸਟੋਰ ਮਾਲਕਾਂ ਨੇ ਦਿੱਤਾ ਲਿਖਤੀ ਵਿਸ਼ਵਾਸ

ਜ਼ੀਰਾ 30 ਜਨਵਰੀ (ਪ.ਪ.) ਸਥਾਨਥ ਸ਼ਹਿਰ ਵਿਖੇ ਐਨ.ਜੀ.ਓ ਕਮੇਟੀ ਵੱਲੋਂ ਸ੍ਰ ਵਜੀਰ ਸਿੰਘ ਖਹਿਰਾ ਡੀ.ਐਸ.ਪੀ ਤੇ ਗੁਰਪ੍ਰੀਤ ਸਿੰਘ ਐਸ.ਐਚ.ਓ ਜ਼ੀਰਾ ਦੇ ਸਹਿਯੋਗ ਨਾਲ ਜ਼ੀਰਾ ਦੇ ਸਮੂਹ ਮੈਡੀਕਲ ਦੁਕਾਨਾ ਦੇ ਮਾਲਿਕਾ ਕੋਲ ਪਹੁੰਚ ਕਰਕੇ ਨਸ਼ਾ ਨਾ ਵੇਚਣ ਦੀ ਲਿਖਤੀ ਅਪੀਲ ਤੇ ਦਖਸਤ ਕਰਵਾਏ ਗਏ। ਇਸ ਦੌਰਾਨ ਕਮੇਟੀ ਦੇ ਪ੍ਰਧਾਨ ਚੰਦ ਸਿੰਘ ਗਿੱਲ ਤੇ ਡੀ.ਐਸ.ਪੀ ਵਜੀਰ ਸਿੰਘ ਖਹਿਰਾ ਨੇ ਮੈਡੀਕਲ ਸਟੋਰਾਂ ਮਾਲਕਾਂ ਦੇ ਦਸਖਤ ਕਰਵਾਏ ਗਏ। ਇਸ ਸਮੇ ਪੁਲਿਸ ਅਧਿਕਾਰੀਆ ਤੇ ਐਨ.ਜੀ.ਓ ਨੇ ਅਪੀਲ ਕਰਦਿਆ ਕਿਹਾ ਕਿ ਕੋਈ ਵੀ ਨਸ਼ੀਲੇ ਕੈਪਸੂਲ, ਗੋਲੀਆ, ਟੀਕੇ ਬਿਨ੍ਹਾਂ ਕਿਸੇ ਡਾਕਟਰ ਦੀ ਪਰਚੀ ਤੋਂ ਨਾ ਵੇਚੇ ਜਾਣ। ਉਹਨਾ ਦੁਕਾਨਦਾਰਾ ਦੇ ਪੂਰਨ ਸਹਿਯੋਗ ਦੀ ਮੰਗ ਕੀਤੀ ਤਾਂ ਜੋ ਨਸ਼ੇ ਵਿੱਚ ਗਲੀਨ ਜਵਾਨੀ ਨੂੰ ਬਚਾਇਆ ਜਾ ਸਕੇ। ਇਸ ਮੌਕੇ ਉਹਨਾਂ ਦੇ ਨਾਲ ਕਰਨ ਬਾਂਸਲ, ਛੋਟੂ ਰਾਮ, ਸਤਿੰਦਰ ਸਚਦੇਵਾ, ਵੀਰ ਸਿੰਘ ਚਾਵਲਾ, ਭਜਨ ਸਿੰਘ ਮਰਖਾਈ, ਜੁਗਲ ਕਿਸ਼ੋਰ, ਦਿਲਬਾਗ ਸਿੰਘ ਢਿੱਲੋਂ, ਮਨਮੀਤ ਸਿੰਘ ਸੱਗੂ, ਲਖਵੀਰ ਸਿੰਘ ਆਦਿ ਅਹੁਦੇਦਾਰ ਤੇ ਮੈਬਰ ਉਚੇਚੇ ਤੌਰ 'ਤੇ ਹਾਜ਼ਰ ਸਨ।

ਬਾਦਲ ਸਾਹਬ ! ਅੱਜ ਸਰਕਾਰੀ ਨੌਕਰੀ ਤੋਂ ਸੇਵਾ ਮੁਕਤ ਹੋਈਏ ਕਿ ਨਾ

ਨੰਗਲ 30 (ਜਨਵਰੀ, ਗੁਰਵਿੰਦਰ ਸਿੰਘ ਜੰਡੀਰ)- ਸ. ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਪੰਜਾਬ ਅਤੇ ਕੈਬਨਿਟ ਮੰਤਰੀ ਸ੍ਰੀ ਮਨੋਰੰਜਨ ਕਾਲੀਆ ਤੇ ਅਧਾਰਿਤ ਬਣਾਈ ਗਈ ਕਮੇਟੀ ਵਲੋਂ ਜੋ ਰਿਪੋਰਟ ਪੰਜਾਬ ਸਰਕਾਰ ਨੂੰ ਪਿਛਲੇ ਦਿਨੀ ਪੇਸ਼ ਕੀਤੀ ਗਈ ਸੀ। ਉਸ ਕਮੇਟੀ ਨੇ ਸਰਕਾਰੀ ਮੁਲਾਜਮਾਂ ਦੀ ਸੇਵਾ ਮੁਕਤੀ ਦੀ ਉਮਰ 58ਸਾਲ ਤੋਂ ਵਧਾ ਕੇ 60 ਸਾਲ ਤੱਕ ਕਰਨ ਦੀ ਸਿਫਾਰਸ਼ ਕੀਤੀ ਸੀ। ਜਿਸ ਨੂੰ ਕਿ ਪੰਜਾਬ ਕੈਬਨਿਟ ਨੇ 60 ਸਾਲ ਦੀ ਬਜਾਏ 59ਸਾਲ ਤੱਕ ਦੀ ਉਮਰ ਤੱਕ ਸਰਕਾਰੀ ਨੌਕਰੀ ਤੋ ਸੇਵਾ ਮੁਕਤ ਹੋਣ ਦਾ ਕੱਲ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ। ਪਰ ਇਸ ਨੋਟੀਫਿਕੇਸ਼ਨ ਦੇ ਕਾਰਣ ਸੇਵਾ ਮੁਕਤ ਹੋਣ ਵਾਲੇ ਮੁਲਾਜਮ ਦੋਚਿਤੀ ਵਿੱਚ ਪਏ ਹੋਏ ਹਨ ਕਿ ਉਹ ਹੁਣ 31ਜਨਵਰੀ ਨੂੰ ਸੇਵਾ ਮੁਕਤ ਹੋਣ ਕਿ ਨਾ! ਕਿਉਂਕਿ ਸਰਕਾਰ ਨੇ ਸੇਵਾ ਮੁਕਤੀ ਦੇ ਸੰਬਧ ਵਿੱਚ ਕੋਈ ਨਿਯਮ ਸਪੱਸ਼ਟ ਨਹੀ ਕੀਤਾ ਹੈ। ਮੁਲਾਜਮ ਹੈਰਾਨ ਹਨ ਕਿ ਸਰਕਾਰ ਕਿਤੇ ਸਰਕਾਰੀ ਮੁਲਾਜਮਾਂ ਨਾਲ ਭੱਦਾ ਮਜ਼ਾਕ ਤਾਂ ਨਹੀ ਕਰ ਰਹੀ।

ਨੰਨ੍ਹੇ-ਮੁੰਨੇ ਬੱਚਿਆਂ ਨੂੰ ਗਣਤੰਤਰ ਦਿਵਸ ਸੰਬੰਧੀ ਜਾਣਕਾਰੀ ਦਿੱਤੀ

ਨੰਗਲ 30 ਜਨਵਰੀ (ਗੁਰਵਿੰਦਰ ਸਿੰਘ ਜੰਡੀਰ, ਧਰਮਪਾਲ)- 26 ਜਨਵਰੀ ਨੂੰ ਗਣਤੰਤਰਤਾ ਦਿਵਸ ਦੇਸ਼ ਭਰ ਵਿੱਚ ਭਾਵੇ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ ਸੀ। ਇਸ ਦਿਨ ਦੇਸ਼ ਦੇ ਭਵਿੱਖ ਕਹੇ ਜਾਣ ਵਾਲੇ ਉਹ ਨੰਨੇ ਮੁੰਨੇ ਬੱਚੇ ਜਿਹੜੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਪੜ੍ਹਦੇ ਹਨ ਅਤੇ ਗਣਤੰਤਰਤਾ ਦਿਵਸ ਤੋ ਅਣਜਾਣ ਹਨ ਉਹਨਾਂ ਨੂੰ ਵੀ ਰਾਜਨਿਤਕ ਨੇਤਾਵਾਂ ਵਲੋ ਪ੍ਰਇਮਰੀ ਸਕੂਲਾਂ ਵਿੱਚ ਜਾ ਕੇ ਗਣਤੰਤਰਤਾ ਦਿਵਸ ਦੇ ਮਹੱਤਵ ਦੀ ਜਾਣਕਾਰੀ ਦਿੱਤੀ ਗਈ। ਸੀਨੀਅਰ ਕਾਂਗਰਸੀ ਆਗੂ ਅਤੇ ਜਿਲ੍ਹਾ ਰੋਪੜ ਕਾਂਗਰਸ ਦੇ ਜਨਰਲ ਸਕੱਤਰ ਸਰਦਾਰ ਰਾਜ ਸਿੰਘ ਨੰਗਲ ਨੇ ਆਪਣੇ ਸਾਥੀਆਂ ਨਾਲ ਪ੍ਰਇਮਰੀ ਸਕੂਲ ਨੰਗਲ ਵਿੱਚ ਜਾ ਕੇ ਬੱਚਿਆਂ ਨੂੰ ਗਣਤੰਤਰਤਾ ਦਿਵਸ ਦੇ ਸੰਬੰਧੀ ਜਾਣਕਾਰੀ ਦਿੱਤੀ। ਇਸ ਸਮੇ ਬੱਚਿਆਂ ਵਲੋ ਰਾਸ਼ਟਰੀ ਗੀਤ ਗਾਇਆ ਗਿਆ ਉਪਰੰਤ ਸ. ਰਾਜ ਸਿੰਘ ਨੰਗਲ ਨੇ ਬੱਚਿਆਂ ਨੂੰ ਦੱਸਿਆ ਕੇ ਭਾਰਤ ਦੇਸ਼ ਲਗਭਗ 1000ਸਾਲ ਤੋ ਜ਼ਿਆਦਾ ਸਮੇ ਤੱਕ ਵਿਦੇਸ਼ੀ ਹੁਕਮਰਾਨਾ ਦਾ ਗੁਲਾਮ ਰਿਹਾ ਇਸ ਲੰਮੇ ਸਮੇ ਵਿੱਚ ਵਿਦੇਸ਼ੀ ਹੁਕਮਰਾਨਾ ਜਿਨਾਂ ਵਿੱਚ ਮੁਗਲ ਹਾਕਮ ਮਹਿਮੂਦ ਗ਼ਜਨਬੀ, ਮੁਹੰਮਦ ਗੋਰੀ, ਬਾਬਰ, ਹਿਮਾਯੂੰ, ਅਕਬਰ, ਜਹਾਂਗੀਰ, ਸ਼ਾਹਜਹਾਂ, ਔਰੰਗਜ਼ੇਬ, ਬਹਾਦਰ ਸ਼ਾਹ ਜ਼ਫਰ ਆਦਿ ਤੋ ਲੇ ਕੇ ਅੰਗਰੇਜ਼ ਹੁਕਮਰਾਨਾ ਨੇ ਸੋਨੇ ਦੀ ਚਿੜੀਆ ਕਹਾਉਣ ਵਾਲੇ ਭਾਰਤ ਦੇਸ਼ ਨੂੰ ਲੰਮੇ ਸਮੇ ਤੱਕ ਲੁੱਟਿਆ ਅਤੇ ਭਾਰਤੀ ਲੋਕਾਂ ਨੂੰ ਕੁੱਟਿਆ ਵੀ। ਇਸ ਦੇ ਨਾਲ ਭਾਰਤੀ ਲੋਕਾਂ ਦੇ ਉਤੇ ਕਾਲੇ ਅਤੇ ਅੰਨੇ ਕਾਨੂੰਨ ਬਣਾ ਕੇ ਲਾਗੂ ਕੀਤੇ ਗਏ ਤਾਂ ਕਿ ਭਾਰਤੀ ਲੋਕ ਵਿਦੇਸ਼ੀ ਹੁਕਮਰਾਨਾ ਦੇ ਖ਼ਿਲਾਫ ਅਵਾਜ਼ ਨਾ ਉਠਾ ਸਕਣ। ਭਾਰਤੀ ਲੋਕਾਂ ਨੇ ਲੰਮਾ ਸਮਾਂ ਸੰਘਰਸ਼ ਕਰਕੇ ਅਤੇ ਮਹਾਨ ਕੁਰਬਾਨੀਆਂ ਦੇ ਕੇ ਦੇਸ਼ ਨੂੰ 15 ਅਗਸਤ 1947 ਨੂੰ ਅਜ਼ਾਦ ਕਰਵਾਇਆ ਸੀ। ਦੇਸ਼ ਦੀ ਅਜ਼ਾਦੀ ਤੋ ਬਾਅਦ ਲੋਕਾਂ ਨੂੰ ਉਹਨਾਂ ਦੇ ਅਧਿਕਾਰ ਬਿਨਾਂ ਕਿਸੇ ਮੁਸ਼ਕਿਲ ਤੋ ਮਿਲਣ ਇਸ ਲਈ ਬਾਬਾ ਸਾਹਿਬ ਡਾ. ਭੀਮਰਾਓ ਅੰਬੇਦਕਰ ਦੀ ਅਗਵਾਈ ਵਿੱਚ ਇੱਕ ਕਮੇਟੀ ਬਣਾਈ ਗਈ ਜਿਸ ਨੇ ਭਾਰਤੀ ਸੰਵਿਧਾਨ ਤਿਆਰ ਕੀਤਾ ਜਿਸ ਨੂੰ ਕੇ 26ਜਨਵਰੀ 1950 ਨੂੰ ਲਾਗੂ ਕੀਤਾ ਗਿਆ। ਰਾਜ ਸਿੰਘ ਨੇ ਬੱਚਿਆਂ ਨੂੰ ਦੱਸਿਆ ਕੇ ਅੱਜ ਅਸੀ ਭਾਰਤੀ ਸੰਵਿਧਾਨ ਅਨੁਸਾਰ ਆਪਣੇ ਅਧਿਕਾਰ ਪ੍ਰਾਪਤ ਕਰ ਰਹੇ ਹਾਂ ਇਸ ਲਈ ਸਾਨੂੰ ਭਾਰਤ ਦੇਸ਼ ਅਤੇ ਭਾਰਤੀ ਸੰਵਿਧਾਨ ਉਤੇ ਮਾਣ ਕਰਨਾ ਚਾਹੀਦਾ ਹੈ। ਇਸ ਸਮੇ ਬੱਚਿਆਂ ਨੇ ਰੰਗਾ ਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਇਸ ਉਪਰੰਤ ਬੱਚਿਆਂ ਨੂੰ ਲੱਡੂ ਵੀ ਵੰਡੇ ਗਏ। ਇਸ ਸਮੇ ਕਾਂਗਰਸੀ ਆਗੂ ਰਾਣਾ ਰਣਬਹਾਦੁਰ ਸਿੰਘ, ਸੰਦੀਪ ਗਿੱਲ, ਨਰੇਸ਼ ਕੁਮਾਰ ਤੋ ਇਲਾਵਾ ਪ੍ਰਇਮਰੀ ਸਕੂਲ ਦੀ ਹੈਡਮਾਸਟਰ ਸਤਵੰਤ ਕੌਰ, ਪੂਜਾ ਪਠਾਣੀਆ ਅਤੇ ਉਮਾ ਦੇਵੀ ਆਦਿ ਸਖਸ਼ੀਅਤਾਂ ਹਾਜ਼ਿਰ ਸਨ।

ਫੋਟੋ:- ਗੁਰਵਿੰਦਰ ਸਿੰਘ ਜੰਡੀਰ ਨੰਗਲ

ਖ਼ਬਰਨਾਮਾ

ਭਗਤ ਰਵਿਦਾਸ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਕੱਢਿਆ

ਤਲਵੰਡੀ ਸਾਬੋ, 30 ਜਨਵਰੀ (ਰਣਜੀਤ ਸਿੰਘ ਰਾਜੂ)-ਇਲਾਕੇ ਦੀਆਂ ਸੰਗਤਾਂ ਵੱਲੋਂ ਅੱਜ ਭਗਤ ਰਵਿਦਾਸ ਦੇ 633ਵੇਂ ਪ੍ਰਕਾਸ ਪੁਰਬ ਨੂੰ ਸਮਰਪਿਤ ਕਰਕੇ ਵਿਸ਼ਾਲ ਨਗਰ ਕੀਰਤਨ ਕੱਢਿਆ ਗਿਆ। ਨਗਰ ਕੀਰਤਨ ਗੁਰਦੁਆਰਾ ਬੁੰਗਾ ਨਾਨਕਸਰ ਸਾਹਿਬ ਤੋਂ ਆਰੰਭ ਹੋਇਆ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਕੱਢੇ ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ। ਨਗਰ ਕੀਰਤਨ ਦੇ ਅੱਗੇ ਚੱਲ ਰਿਹਾ ਖਾਲਸਾਈ ਬੈਂਡ ਜਿੱਥੇ ਪੂਰੇ ਮਾਹੌਲ ਵਿੱਚ ਆਲੌਕਿਕ ਧੁੰਨਾਂ ਬਿਖੇਰ ਰਿਹਾ ਸੀ, ਉਥੇ ਅੱਗੇ-ਅੱਗੇ ਛੋਟੇ ਬੱਚੇ ਖਾਲਸਾਈ ਖੇਡ ਗੱਤਕੇ ਦਾ ਪ੍ਰਦਰਸ਼ਨ ਕਰ ਰਹੇ ਸਨ। ਇਲਾਕੇ ਦੀਆਂ ਸੰਗਤਾਂ ਨੇ ਜਿੱਥੇ ਨਗਰ ਕੀਰਤਨ ਦੇ ਸਵਾਗਤ ਲਈ ਥਾਂ-ਥਾਂ ਸਵਾਗਤੀ ਗੇਟ ਲਾਏ ਸਨ, ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਲਕੀ ਉੱਪਰ ਵੀ ਫੁੱਲਾਂ ਦੀ ਵਰਖਾ ਕੀਤੀ ਜਾ ਰਹੀ ਸੀ। ਸੰਗਤਾਂ ਵੱਲੋਂ ਕੀਰਤਨ ਕੀਰਤਨ ਦੇ ਰਸਤੇ ਵਿੱਚ ਚਾਹ, ਪਕੌੜਿਆਂ, ਮੱਠੀਆਂ ਆਦਿ ਦੇ ਲੰਗਰ ਵੀ ਲਗਾਏ ਗਏ ਸਨ। ਨਗਰ ਕੀਰਤਨ ਦੇ ਨਾਲ ਨਾਲ ਗੁਰਦੁਆਰਾ ਬੁੰਗਾ ਨਾਨਕਸਰ ਦੇ ਮੁੱਖ ਸੇਵਾਦਾਰ ਬਾਬਾ ਧਰਮ ਸਿੰਘ, ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਦੇ ਪ੍ਰਧਾਨ ਤੇਜਾ ਸਿੰਘ ਖਜ਼ਾਨਚੀ ਬਲਦੇਵ ਸਿੰਘ, ਸਕੱਤਰ ਜਗਦੇਵ ਬੰਤਾ ਸਿੰਘ ਮਹਿਮੀ, ਕਾਂਗਰਸੀ ਆਗੂ ਅਵਤਾਰ ਚੋਪੜਾ, ਬਸਪਾ ਆਗੂ ਬੰਤਾ ਸਿੰਘ ਸਹਾਰਾ ਕਲੱਬ ਦੇ ਅਵਤਾਰ ਬੱਬਲੂ ਆਦਿ ਹਾਜ਼ਰ ਸਨ। ਸ਼ਾਮ ਨੂੰ ਨਗਰ ਕੀਰਤਨ ਗੁਰਦੁਆਰਾ ਨਾਨਕਸਰ ਬੁੰਗਾ ਪਹੁੰਚ ਕੇ ਸੰਪੰਨ ਹੋਇਆ।

ਅੰਤਰ ਕਾਲਜ ਬੈਸਬਾਲ ਮੁਕਾਬਲੇ ਵਿੱਚ ਅੰਮ੍ਰਿਤਸਰ ਰਿਹਾ ਚੈਂਪੀਅਨ

ਅੰਮ੍ਰਿਤਸਰ, 30 ਜਨਵਰੀ (ਮੋਤਾ ਸਿੰਘ) ਖਾਲਸਾ ਕਾਲਜ ਅੰਮ੍ਰਿਤਸਰ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਮਿਤੀ 26 ਜਨਵਰੀ ਤੋਂ 28 ਜਨਵਰੀ ਤੱਕ ਚੱਲੇ ਅੰਤਰ ਕਾਲਜ ਬੈਸਬਾਲ ਮੁਕਾਬਲੇ ਵਿੱਚ ਚੈਂਪੀਅਨ ਹੋਣ ਦਾ ਮਾਣ ਪ੍ਰਾਪਤ ਕੀਤਾ। ਕਾਲਜ ਦੀ ਬੈਸਬਾਲ ਟੀਮ ਨੇ ਲੀਗ ਮੈਚਾਂ ਦੌਰਾਨ ਗੁਰੂ ਨਾਨਕ ਦੇਵ ਯੂਨਵਰਸਿਟੀ ਕੈਂਪਸ ਨੂੰ 2 ਦੇ ਮੁਕਾਬਲੇ 1 ਦੌੜ ਨਾਲ, ਡੀ.ਏ.ਵੀ.ਕਾਲਜ ਅੰਮ੍ਰਿਤਸਰ ਨੂੰ 11 ਦੇ ਮੁਕਾਬਲੇ 0 ਦੌੜ ਨਾਲ ਅਤੇ ਲਾਇਲਪੁਰ ਖਾਲਸਾ ਕਾਲਜ, ਜਲੰਧਰ ਨੂੰ 6 ਦੇ ਮੁਕਾਬਲੇ 0 ਦੌੜ ਨਾਲ ਹਰਾਇਆ। ਕਾਲਜ ਦੇ ਖਿਡਾਰੀ ਰਣਜੋਤ ਸਿੰਘ, ਅਮਨਦੀਪ ਸਿੰਘ, ਰਾਹੁਲ ਕੁਮਾਰ, ਰਾਕੇਸ਼ ਕੁਮਾਰ, ਪੁਨੀਤ, ਰਵਿੰਦਰਜੀਤ ਸਿੰਘ ਅਤੇ ਜਸਪਾਲ ਸਿੰਘ ਪਟਿਆਲਾ ਵਿਖੇ ਹੋ ਰਹੇ ਆਲ ਇੰਡਿਆ ਇੰਟਰ ਯੂਨੀਵਰਸਿਟੀ ਬੈਸਬਾਲ ਮੁਕਾਬਲਿਆਂ ਲਈ ਚੁਣੇ ਗਏ। ਟੀਮ ਦੀ ਇਸ ਉਪਲਬਧੀ ਤੇ ਪ੍ਰਿੰਸੀਪਲ ਡਾ. ਦਲਜੀਤ ਸਿੰਘ ਨੇ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਯਕੀਨ ਦਿਵਾਇਆ ਕਿ ਚੰਗੇ ਖਿਡਾਰੀਆਂ ਨੂੰ ਹਰ ਤਰ੍ਹਾਂ ਦੀ ਸਹੂਲਤ ਕਾਲਜ ਵੱਲੋਂ ਮੁਹੱਇਆ ਕਰਵਾਈ ਜਾਵੇਗੀ। ਇਸ ਮੌਕੇ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਪ੍ਰੋਫੈਸਰ ਦਲਜੀਤ ਸਿੰਘ, ਪ੍ਰੋ.ਪਰਮਜੀਤ ਸਿੰਘ, ਮਿਸ. ਸੰਦੀਪ ਕੌਰ ਅਤੇ ਕੋਚ ਲਵਰਿਸ਼ੀ ਹਾਜ਼ਰ ਸਨ।

ਡੀ.ਸੀ. ਨੇ ਲਿਆ ਸਿਹਤ ਸਕੀਮਾਂ ਦਾ ਜਾਇਜ਼ਾ

ਕਪੂਰਥਲਾ, 30 ਜਨਵਰੀ (ਵਧਵਾ)-ਸਿਹਤ ਵਿਭਾਗ ਦੀ ਜ਼ਿਲ੍ਹਾ ਪੱਧਰੀ ਸਰਕਾਰ ਕਮੇਟੀ ਦੀ ਮੀਟਿੰਗ ਯੋਜਨਾ ਭਵਨ ਵਿਖੇ ਸ੍ਰੀ ਅਜਮੇਰ ਸਿੰਘ ਸਿਬੀਆ ਵਧੀਕ ਡਿਪਟੀ ਕਮਿਸ਼ਨਰ ਕਪੂਰਥਲਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਸਿਹਤ ਵਿਭਾਗ ਦੀਆਂ ਵੱਖ-ਵੱਖ ਸਕੀਮਾਂ ਦੀ ਸਮੀਖਿਆ ਕੀਤੀ ਗਈ। ਡਾ. ਰਣਬੀਰ ਸਿੰਘ ਸਿਵਲ ਸਰਜਨ ਕਪੂਰਥਲਾ ਨੇ ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਸਿਹਤ ਵਿਭਾਗ ਕਪੂਰਥਲਾ ਦੇ ਭਰੂਣ ਹੱਤਿਆ ਨੂੰ ਰੋਕਣ ਲਈ ਪੀ.ਐੱਨ.ਡੀ.ਟੀ. ਐਕਟ ਨੂੰ ਸਖਤੀ ਨਾਲ ਲਾਗੂ ਕਰਨ ਦੇ ਨਾਲ-ਨਾਲ ਇਸ ਬੁਰਾਈ ਵਿਰੁੱਧ ਜ਼ਿਲ੍ਹਾ ਵਾਸੀਆਂ ਨੂੰ ਚੇਤੰਨ ਕਰਨ ਲਈ ਆਰੰਭੀ ਮੁਹਿੰਮ ਦੇ ਸਾਰਥਿਕ ਨੇਤੀਜੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਉਨ੍ਹਾਂ ਨੇ ਦੱਸਿਆ ਕਿ ਜ਼ਿਲ੍ਹਾ ਕਪੂਰਥਲਾ ਦੇ 56 ਪਿੰਡਾਂ ਵਿੱਚ ਲੜਕੀਆਂ ਦੀ ਗਿਣਤੀ ਲੜਕਿਆਂ ਨਾਲੋਂ ਵਧੀ ਹੈ।

ਕਾਮਰੇਡ ਸੰਤਾ ਸਿੰਘ ਦੀ ਬਰਸੀ ਮਨਾਈ

ਸੁਲਤਾਨਪੁਰ ਲੋਧੀ, 30 ਜਨਵਰੀ (ਪ.ਪ.)- ਕਿਸਾਨ ਸਭਾ ਜ਼ਿਲ੍ਹਾ ਕਪੂਰਥਲਾ ਦੇ ਸਕੱਤਰ ਅਤੇ ਜ਼ਿਲ੍ਹਾ ਕੌਂਸਲ ਮੈਂਬਰ ਸੀ.ਪੀ.ਆਈ. ਕਪੂਰਥਲਾ ਕਾਮਰੇਡ ਸੰਤਾ ਸਿੰਘ ਆਕੂਪੁਰ ਨਮਿਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਦਾ ਆਯੋਜਨ ਉਨ੍ਹਾਂ ਦਾ ਨਿਵਾਸ ਪਿੰਡ ਪਰਮਜੀਤਪੁਰ ਵਿਖੇ ਕੀਤਾ ਗਿਆ। ਦੇਸ ਰਾਜ ਸਾਬਕਾ ਸਰਪੰਚ ਬੂਲਪੁਰ ਅਤੇ ਜ਼ਿਲ੍ਹਾ ਸਕੱਤਰ ਪੇਂਡੂ ਮਜ਼ਦੂਰ ਯੂਨੀਅਨ, ਕਾਮਰੇਡ ਕੇ.ਐੱਲ. ਕੌਸ਼ਲ ਆਗੂ ਜ਼ਿਲ੍ਹਾ ਟਰੇਡ ਯੂਨੀਅਨ ਕੌਂਸਲ ਕਪੂਰਥਲਾ, ਮਾਸਟਰ ਚਰਨ ਸਿੰਘ, ਕੇਵਲ ਸਿੰਘ ਸ਼ਤਾਬਗੜ੍ਹ ਸਕੱਤਰ ਖੇਤ ਮਜ਼ਦੂਰ ਸਭਾ ਅਤੇ ਰਜਿੰਦਰ ਸਿੰਘ ਰਾਣਾ ਸਕੱਤਰ ਸੀ.ਪੀ.ਆਈ. ਬਲਾਕ ਸੁਲਤਾਨਪੁਰ ਲੋਧੀ ਨੇ ਵੀ ਸੰਬੋਧਨ ਕੀਤਾ।

ਗਣਤੰਤਰ ਦਿਵਸ ਧੂਮਧਾਮ ਨਾਲ ਮਨਾਇਆ

ਰਾਜਪੁਰਾ, 30 ਜਨਵਰੀ (ਮਨੋਜ ਕੁਮਾਰ) ਰਾਜਪੁਰਾ ਸ਼ਹਿਰ ਵਿੱਚ ਗਣਤੰਤਰ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਮੁੱਖ ਸੰਸਦੀ ਸਕੱਤਰ ਵਿੱਚ ਪੰਜਾਬ ਰਾਜ ਖੁਰਾਨਾ ਨੇ ਕੌਮੀ ਝੰਡਾ ਲਹਿਰਾਇਆ। ਸ੍ਰੀ ਖੁਰਾਨਾ ਨੇ ਚੰਗੇ ਕੰਮ ਕਰਨ ਵਾਲਿਆਂ ਨੂੰ ਸਨਮਾਨਿਤ ਕੀਤਾ। ਇਸ ਮੌਕੇ 'ਤੇ ਨਗਰ ਕੌਂਸਲ ਪ੍ਰਧਾਨ ਪ੍ਰਵੀਨ ਛਾਬੜਾ, ਚੇਅਰਮੈਨ ਨਗਰ ਸੁਧਾਰ ਕਮੇਟੀ ਡਾ. ਨੰਦ ਲਾਲ, ਐਸ. ਡੀ. ਐਮ. ਗੁਰਤੇਜ ਸਿੰਘ, ਡੀ. ਐਸ. ਪੀ. ਮਨਮੋਹਨ ਸ਼ਰਮਾ, ਤਹਿਸੀਲਦਾਰ ਕੁਲਦੀਪ ਸਿੰਘ ਮੌਜੂਦ ਸਨ।

ਐਕਸਟਰਾ ਇਨਿੰਗਜ਼ ਟੀ-20 ਜੂਨੀਅਰ ਲਈ ਮੈਕਸ ਦੀ ਤਲਾਸ਼ !

ਲੁਧਿਆਣਾ, 30 ਜਨਵਰੀ (ਸਚਦੇਵਾ)-ਜਿਵੇਂ ਕਿ ਕਿਹਾ ਜਾਂਦਾ ਹੈ ਕਿ 'ਵਧੀਆ ਚੀਜ਼ ਥੋੜ੍ਹੀ-ਥੋੜ੍ਹੀ ਕਰਕੇ ਹੀ ਮਿਲਦੀ ਹੈ।' ਇਸੇ ਤਰ੍ਹਾਂ ਸ਼ਾਨਦਾਰ ਫ਼ਿਲਮਾਂ ਅਤੇ ਸਪੈਸਲ ਇਵੈਂਟਸ ਦੇ ਮੁੱਖ ਚੈਨਲ ਮੈਕਸ ਵੱਲੋਂ ਕ੍ਰਿਕਟ ਦੀ ਮਹਾਂਜੰਗ ਭਾਵ ਡੀ.ਐਲ.ਐਫ.ਆਈ.ਪੀ. ਐਲ. ਦੇ ਤੀਜੇ ਗੇੜ ਦੌਰਾਨ ਫੇਰ ਇਕ ਧਮਾਕਾ ਕੀਤਾ ਜਾ ਰਿਹਾ ਹੈ। ਇਸ ਬਾਰੇ ਪਹਿਲੇ 'ਐਕਸਟਰਾ ਇਨਿੰਗਜ਼ ਟੀ-20 ਜੂਨੀਅਰ" ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਆਪਣੇ ਇਸ ਨਵੇਂ ਕਦਮ ਨਾਲ ਮੈਕਸ ਕ੍ਰਿਕਟ ਦੀ ਪੇਸ਼ਕਾਰੀ ਵਿੱਚ ਇਕ ਨਵੀਂ ਸ਼ੁਰੂਆਤ ਕਰ ਰਿਹਾ ਹੈ। ਇਸ ਤਹਿਤ ਦੇਸ਼ ਭਰ ਵਿੱਚ ਅੱਠ ਜੂਨੀਅਰ ਆਈ.ਪੀ.ਐਲ. ਮਾਹਰ ਨਵੀਆਂ ਪ੍ਰਤਿਭਾਵਾਂ ਦੀ ਤਲਾਸ਼ ਕੀਤੀ ਜਾਵੇਗੀ, ਜਿਹੜੀ 16 ਜਨਵਰੀ ਤੋਂ ਸ਼ੁਰੂ ਹੋ ਚੁੱਕੀ ਹੈ ਤੇ 7 ਫਰਵਰੀ ਤੱਕ ਚੱਲੇਗੀ।

ਘਰੇਲੂ ਗੈਸ ਨਾ ਮਿਲਣ ਕਾਰਨ ਲੋਕਾਂ ਨੇ ਟਰੈਫਿਕ ਜਾਮ ਲਗਾਇਆ

ਰਾਜਪੁਰਾ, 30 ਜਨਵਰੀ (ਮਨੋਜ ਕੁਮਾਰ)-ਘਰੇਲੂ ਗੈਸ ਸਿਲੰਡਰ ਨਾ ਮਿਲਣ ਕਾਰਨ ਲੋਕ ਬਹੁਤ ਪ੍ਰੇਸ਼ਾਨ ਹੋਣ ਕਾਰਨ ਉਨ੍ਹਾਂ ਨੇ ਟਰੈਫਿਕ ਜਾਮ ਕਰਦੇ ਹੋਏ ਗੈਸ ਏਜੰਸੀ ਖਿਲਾਫ ਨਾਅਰੇਬਾਜ਼ੀ ਕੀਤੀ। ਮਿਲੀ ਜਾਣਕਾਰੀ ਅਨੁਸਾਰ ਨਾਨਕ ਸਿੰਘ ਪੰਚਾਇਤ ਮੈਂਬਰ ਨਨਹੇੜਾ, ਬਿੱਲੂ ਰਾਮ ਨੈਨਾ, ਹਰਬੰਸ ਸਿੰਘ ਤੇ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਕੋਲ ਏਕਮ ਗੈਸ ਏਜੰਸੀ ਦਾ ਸਿਲੰਡਰ ਹੈ। ਬੁਕਿੰਗ ਕਰਵਾਉਣ ਦੇ ਮਗਰੋਂ ਤਿੰਨ-ਚਾਰ ਦਿਨ ਤੋਂ ਬਾਅਦ ਵੀ ਉਨ੍ਹਾਂ ਨੂੰ ਸਿਲੰਡਰ ਨਹੀਂ ਮਿਲਿਆ। ਉਪਭੋਗਤਾ ਨੇ ਦੋਸ਼ ਲਗਾਇਆ ਹੈ ਕਿ ਵੱਧ ਸਿਲੰਡਰ ਬਲੈਕ ਵਿੱਚ ਵੇਚੇ ਜਾਂਦੇ ਹਨ। ਇਸ ਕਾਰਨ ਉਨ੍ਹਾਂ ਨੇ ਰਾਜਪੁਰਾ ਚੰਡੀਗੜ੍ਹ ਜੀ.ਟੀ.ਰੋਡ ਤੇ ਟਰੈਫਿਕ ਜਾਮ ਲਗਾਇਆ। ਫੋਕਲ ਪੁਆਇੰਟ ਪੁਲਿਸ ਚੌਂਕੀ ਦੇ ਅਧਿਕਾਰੀ ਨੇ ਲੋਕਾਂ ਨੂੰ ਸਮਝਾ ਕੇ ਟਰੈਫਿਕ ਖੁਲ੍ਹਵਾਇਆ। ਉਸ ਦੇ ਤੁਰੰਤ ਮਗਰੋਂ ਫੂਡ ਸਪਲਾਈ ਅਧਿਕਾਰੀ ਪਰਮਜੀਤ ਸਿੰਘ ਧਮੀਜਾ ਨੇ ਆਪਣੀ ਟੀਮ ਸਹਿਤ ਲੋਕਾਂ ਦੀ ਸ਼ਿਕਾਇਤ ਸੁਣੀ। ਜਦੋਂ ਧਮੀਜਾ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਲੋਕਾਂ ਦੀ ਸ਼ਿਕਾਇਤ ਮਿਲ ਗਈ ਹੈ ਤੇ ਉਹ ਜਲਦੀ ਹੀ ਏਕਮ ਭਾਰਤ ਗੈਸ ਏਜੰਸੀ ਵਿਰੁੱਧ ਕਾਰਵਾਈ ਕਰਨਗੇ। ਜਦੋਂ ਏਕਮ ਭਾਰਤ ਗੈਸ ਏਜੰਸੀ ਰਾਜਪੁਰਾ ਮਲਿਕ ਸੁਖਵਿੰਦਰ ਪਾਲ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਦੱਸਿਆ ਕਿ 26 ਜਨਵਰੀ ਦੀ ਛੁੱਟੀ ਹੋਣ ਕਾਰਨ ਸਪਲਾਈ ਵਿੱਚ ਪ੍ਰੇਸ਼ਾਨੀ ਆ ਗਈ ਸੀ, ਪਰ ਹੁਣ ਸਪਲਾਈ ਠੀਕ ਚੱਲ ਰਹੀ ਹੈ।

ਨਗਰ ਕੀਰਤਨ ਦਾ ਆਯੋਜਨ ਕੀਤਾ

ਗੜ੍ਹਸ਼ੰਕਰ 30 ਜਨਵਰੀ (ਰਮਨਦੀਪ ਸਿੰਘ ਅਰੋੜਾ)- ਅੱਜ ਇਥੇ ਭਗਤ ਰਵਿਦਾਸ ਜੀ ਦੇ 633ਵੇਂ ਗੁਰਪੁਰਵ ਦੇ ਸਬੰਧ 'ਚ ਗੁਰਦੁਆਰਾ ਸ੍ਰੀ ਰਵਿਦਾਸ ਜੀ ਘਾਟੀ ਵਾਲਾ ਤੋਂ ਨਗਰ ਕੀਰਤਨ ਦਾ ਆਯੋਜਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਅਤੇ ਪੰਜ ਪਿਆਰੀਆਂ ਦੀ ਅਗਵਾਈ ਕੀਤਾ ਗਿਆ, ਜੋ ਕਿ ਸ਼ਹਿਰ ਦੇ ਵੱਖ-ਵੱਖ ਬਜਾਰਾਂ ਤੋਂ ਹੁੰਦਾ ਹੋਇਆ ਵਾਪਸ ਆਪਣੇ ਮਿਥੇ ਸਥਾਨ ਤੇ ਆ ਸਮਾਪਤ ਹੋਇਆ। ਇਸ ਮੌਕੇ ਸ਼ਹਿਰ ਦੀ ਸੰਗਤ ਵਲੋਂ ਵੱਖ-ਵੱਖ ਜਗ੍ਹਾ ਤੇ ਲੰਗਰ ਦਾ ਪ੍ਰਬੰਧ ਕੀਤਾ ਗਿਆ । ਇਸ ਨਗਰ ਕੀਰਤਨ 'ਚ ਰਸ਼ਪਾਲ ਸਿੰਘ ਰਾਜੂ ਸਿਨੀਅਰ ਆਗੂ ਬੀ ਐਸ ਪੀ, ਦਰਸ਼ਨ ਸਿੰਘ ਮੱਟੂ, ਠੇਕੇਦਾਰ ਅਮਰਜੀਤ ਸਿੰਘ ਤੋਂ ਇਲਾਵਾ ਸਹਿਰ ਦੀ ਸੰਗਤ ਵਲੋਂ ਭਾਰੀ ਤੋਰ ਤੇ ਸ਼ਮੂਲੀਅਤ ਕੀਤੀ ਗਈ ਸੀ।

ਪੰਜ ਰੋਜ਼ਾ ਵਰਕ ਕੈਂਪ ਲਗਾਇਆ

ਤਪਾ ਮੰਡੀ, 30 ਜਨਵਰੀ (ਯਾਦੂ ਭੁੱਲਰ, ਸੁੱਖੀ ਰਈਆ)-ਨੇੜਲੇ ਪਿੰਡ ਆਲੀਕੇ ਵਿਖੇ ਸਮਾਜ ਭਲਾਈ ਕਲੱਬ ਵੱਲੋਂ ਪਿੰਡ ਦੀ ਲਾਇਬ੍ਰੇਰੀ ਵਿੱਚ ਸਬਰਸੀਬਲ ਪੰਪ ਦੇ ਕੰਮ ਨੂੰ ਪੂਰਾ ਕਰਨ ਲਈ ਪੰਜ ਰੋਜਾ ਵਰਕ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਪਿੰਡ ਜੇਠੂਕੇ, ਧਿੰਗੜ, ਰਈਆ, ਅਲੀਕੇ ਦੇ ਨੌਜਵਾਨਾਂ ਨੇ ਭਾਗ ਲਿਆ। ਕੈਂਪ ਦੇ ਸਮਾਪਤੀ ਮੌਕੇ ਮੁੱਖ ਮਹਿਮਾਨ ਨਹਿਰੂ ਯੁਵਾ ਕੇਂਦਰ ਬਠਿੰਡਾ ਦੇ ਯੂਥ ਕੋਆਰਡੀਨੇਟਰ ਸ. ਸੁਖਦੇਵ ਸਿੰਘ ਸੰਧੂ ਨੇ ਹਾਜਰੀ ਲਵਾਈ। ਇਸ ਮੌਕੇ ਸਮਾਜ ਭਲਾਈ ਆਗੂ ਹਰਪਾਲ ਸਿੰਘ ਆਲੀਕੇ ਨੇ ਨੌਜਵਾਨਾਂ ਨੂੰ ਸੰਬੋਧਨ ਕੀਤਾ ਕਿ ਅਜਿਹੇ ਕੈਂਪਾਂ ਨਾਲ ਨੌਜਵਾਨਾਂ ਵਿੱਚ ਹੱਥੀਂ ਕੰਮ ਕਰਨ ਦੀ ਭਾਵਨਾ ਪੈਦਾ ਹੁੰਦੀ ਹੈ। ਨਸ਼ਿਆਂ ਦਾ ਤਿਆਗ ਕਰਕੇ ਸਮਾਜ ਸੇਵੀ ਕੰਮਾਂ ਵੱਲ ਰੁਝਾਨ ਪੈਦਾ ਕਰਨ ਦੀ ਪ੍ਰੇਰਣਾ ਮਿਲਦੀ ਹੈ। ਇਸ ਮੌਕੇ ਇੱਕ ਨੌਜਵਾਨ ਚਮਕੌਰ ਸਿੰਘ ਜੇਠੂਕੇ ਨੇ ਸੱਭਿਆਚਾਰਕ ਧੀਆਂ ਦੇ ਪੱਖ ਦੀ ਗੱਲ ਕਰਦਿਆਂ ਇੱਕ ਗੀਤ ਪੇਸ਼ ਕੀਤਾ। ਇਸ ਕੈਂਪ ਦੌਰਾਨ ਪਿੰਡ ਆਲੀਕੇ ਦੀਆਂ ਗਲੀਆਂ-ਨਾਲੀਆਂ ਦੀ ਸਫਾਈ ਕੀਤੀ। ਨੌਜਵਾਨ ਕਲੱਬ ਮੈਂਬਰਾਂ ਨੇ ਮੁੱਖ ਮਹਿਮਾਨ ਤੇ ਹੋਰ ਪਹੁੰਚੀਆਂ ਸਖਸ਼ੀਅਤਾਂ ਦਾ ਸਨਮਾਨ ਕੀਤਾ।

ਅਹੁਦੇਦਾਰਾਂ ਦੀ ਚੋਣ

ਮੰਡੀ ਗੋਬਿੰਦਗੜ੍ਹ, 30 ਜਨਵਰੀ (ਵਿਪਨ ਬਾਂਸਲ)- ਟੈਕਨੀਕਲ ਸਰਵਿਸ ਯੂਨੀਅਨ ਰਜਿ. ਸ਼ਪੈਸ਼ਲ ਮੰਡਲ ਮੰਡੀ ਗੋਬਿੰਦਗੜ੍ਹ ਅਤੇ ਗਰਿਡ ਸੰਭਾਲ ਮੰਡਲ ਖੰਨਾ ਦੀ ਅਹੁੱਦੇਦਾਰਾਂ ਦੀ ਚੋਣ ਸੰਬੰਧੀ ਅੱਜ ਇਥੇ ਇਕ ਬੈਠਕ ਸਰਕਲ ਪ੍ਰਧਾਨ ਮਦਨ ਲਾਲ, ਸੋਹਣ ਸਿੰਘ ਅਤੇ ਬਲਕਾਰ ਸਿੰਘ ਦੀ ਪ੍ਰਧਾਨਗੀ ਹੇਠ ਫੋਕਲ ਪੁਆਇੰਟ ਪੰਜਾਬ ਰਾਜ ਬਿਜਲੀ ਬੋਰਡ ਦੇ ਦਫਤਰ ਵਿਚ ਹੋਈ। ਜਿਸ ਦੌਰਾਨ ਸਰਵ ਸੰਮਤੀ ਨਾਲ ਅਜਾਇਬ ਸਿੰਘ ਨੂੰ ਡਵੀਜ਼ਨ ਪ੍ਰਧਾਨ ਚੁਣਿਆ ਗਿਆ ਜਦੋਂਕਿ ਐਸ.ਐਸ.ਏ ਸੰਜੀਵ ਧੀਰ ਮੀਤ ਪ੍ਰਧਾਨ, ਰਾਮਪਾਲ ਸਕੱਤਰ, ਐਸ.ਐਸ.ਏ. ਸੁਰਜੀਤ ਸਿੰਘ ਸਹਾਇਕ ਸਕੱਤਰ, ਜਰਨੈਲ ਸਿੰਘ ਖਜਾਨਚੀ ਆਦਿ ਅਹੁੱਦੇਦਾਰ ਚੁਣੇ ਗਏ। ਇਸ ਮੌਕੇ ਤੇ ਯੂਨੀਅਨ ਦੇ ਨਵੀਂ ਬਾਡੀ ਦਾ ਐਲਾਨ ਕਰਨ ਮਗਰੋਂ ਸਰਕਲ ਪ੍ਰਧਾਨ ਮਦਨ ਲਾਲ, ਅਜਾਇਬ ਸਿੰਘ ਅਤੇ ਸੰਜੀਵ ਧੀਰ ਨੇ ਸਾਂਝੇ ਰੂਪ ਵਿਚ ਕਿਹਾ ਕਿ ਉਹ ਆਪਣੀ ਜੱਥੇਬੰਦੀ ਨਾਲ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਦੇ ਲਈ ਸੰਘਰਸ਼ ਕਰਨਗੇ। ਉਨ੍ਹਾਂ ਪੰਜਾਬ ਸਰਕਾਰ ਤੋਂ ਨਿੱਜੀਕਰਨ ਦੇ ਫੈਸਲੇ ਨੂੰ ਰੱਦ ਕਰਨ ਦੀ ਅਪੀਲ ਕੀਤੀ।